SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 28 | Thursday, February 08, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਜ਼ਬਰਨ ਵਸੂਲੀ ਦੇ ਮਾਮਲੇ ’ਚ 5 ਪੰਜਾਬੀ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 7 ਫਰਵਰੀ (ਪੋਸਟ ਬਿਊਰੋ) : ਜੀਟੀਏ ਭਰ ਵਿੱਚ ਸੰਪਤੀ ਨੂੰ ਨੁਕਸਾਨ ਪਹੁੰਚਾਉਣ, ਧਮਕੀਆਂ ਦੇਣ ਤੇ ਹਥਿਆਰਾਂ ਨਾਲ ਸਬੰਧਤ ਜੁਰਮ ਕਰਨ ਵਾਲਿਆਂ ਲਈ ਪੀਲ ਰੀਜਨ ਦੀ ਐਕਸਟੌਰਸ਼ਨ ਇਨਵੈਸਟੀਗੇਟਿਵ ਟਾਸਕ ਫੋਰਸ ਵੱਲੋਂ ਪੰਜ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ।

ਪੀਲ ਪੁਲਿਸ ਨੇ ਦੱਸਿਆ ਕਿ ਦਸੰਬਰ 2023 ਤੇ ਜਨਵਰੀ 2024 ਨੂੰ ਕੇਲਡਨ ਦੇ ਬਿਜ਼ਨਸ ਮਾਲਕ ਨਾਲ ਜੁੜੇ ਮਾਮਲੇ ਦੇ ਸਬੰਧ ਵਿੱਚ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ। 24 ਜਨਵਰੀ, 2024 ਨੂੰ ਬਰੈਂਪਟਨ ਦੇ ਇੱਕ ਘਰ ਦੀ ਤਲਾਸ਼ੀ ਲੈਣ ਤੋਂ ਬਾਅਦ 23 ਸਾਲਾ ਗਗਨ ਅਜੀਤ ਸਿੰਘ, 23 ਸਾਲਾ ਅਨਮੋਲਦੀਪ ਸਿੰਘ, 25 ਸਾਲਾ ਹਸ਼ਮੀਤ ਕੌਰ ਤੇ 21 ਸਾਲ ਲਾਇਮਨ-ਜੋਤ ਕੌਰ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਚਾਰਾਂ ਖਿਲਾਫ ਜਬਰਨ ਵਸੂਲੀ ਕਰਨ, ਧਮਕੀਆਂ ਦੇਣ, ਅਗਜ਼ਨੀ ਤੇ ਫਰਾਡ ਕਰਨ ਦੇ ਨਾਲ ਨਾਲ ਹਥਿਆਰ ਰੱਖਣ ਦੇ ਕੁੱਲ 23 ਚਾਰਜਿਜ਼ ਲਾਏ ਗਏ।25 ਜਨਵਰੀ, 2024 ਨੂੰ ਪੁਲਿਸ ਨੇ 39 ਸਾਲਾਂ ਦੇ ਅਰੁਣਦੀਪ ਥਿੰਦ, ਜਿਸ ਦਾ ਕੋਈ ਪੱਕਾ ਟਿਕਾਣਾ ਨਹੀਂ ਹੈ, ਨੂੰ ਗ੍ਰਿਫਤਾਰ ਕੀਤਾ। ਇੱਕ 32 ਸਾਲਾ ਵਿਅਕਤੀ ਵੱਲੋਂ ਵੱਡੀ ਰਕਮ ਦੀ ਮੰਗ ਕਰਨ ਵਾਲੀ ਫੋਨ ਕਾਲ ਤੇ ਧਮਕੀਆਂ ਮਿਲਣ ਦੀ ਸ਼ਿਕਾਇਤ ਤੋਂ ਬਾਅਦ ਇਸ ਸ਼ਖ਼ਸ ਨੂੰ ਗ੍ਰਿਫਤਾਰ ਕੀਤਾ ਗਿਆ।



ਪੁਲਿਸ ਨੇ ਦੱਸਿਆ ਕਿ ਇਨ੍ਹਾਂ ਘਟਨਾਵਾਂ ਦੇ ਸ਼ਿਕਾਰ ਲੋਕਾਂ ਨਾਲ ਸੋਸ਼ਲ ਮੀਡੀਆ ਰਾਹੀਂ ਸੰਪਰਕ ਕੀਤਾ ਜਾਂਦਾ ਹੈ ਤੇ ਹਿੰਸਕ ਧਮਕੀਆਂ ਦੇ ਕੇ ਉਨ੍ਹਾਂ ਤੋਂ ਕੈਨੇਡੀਅਨ ਜਾਂ ਭਾਰਤੀ ਕਰੰਸੀ ਵਿੱਚ ਅਦਾਇਗੀ ਦੀ ਮੰਗ ਕੀਤੀ ਜਾਂਦੀ ਹੈ। ਪੀਲ ਰੀਜਨਲ ਪੁਲਿਸ ਦੇ ਚੀਫ ਨਿਸ਼ਾਨ ਦੁਰੱਈਅੱਪਾ ਵੱਲੋਂ ਬਿਜ਼ਨਸ ਤੇ ਕਮਿਊਨਿਟੀ ਆਗੂਆਂ ਨੂੰ ਉਸ ਸੂਰਤ ਵਿੱਚ ਅੱਗੇ ਆਉਣ ਲਈ ਆਖਿਆ ਗਿਆ ਹੈ ਜੇ ਉਨ੍ਹਾਂ ਨੂੰ ਅਜਿਹੀਆਂ ਧਮਕੀਆਂ ਮਿਲੀਆਂ ਹਨ। ਉਨ੍ਹਾਂ ਆਖਿਆ ਕਿ ਅਸੀ ਸਾਊਥ ਏਸ਼ੀਅਨ ਕਮਿਊਨਿਟੀ ਤੇ ਬਿਜ਼ਨਸ ਕਮਿਊਨਿਟੀ ਤੋਂ ਇਸ ਤਰ੍ਹਾਂ ਦੀਆਂ ਧਮਕੀਆਂ ਦੇ ਖੌਫ ਬਾਰੇ ਸੁਣਿਆ ਸੀ ਤੇ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਰੁਝਾਨ ਨੂੰ ਖ਼ਤਮ ਕੀਤਾ ਜਾਵੇ।ਇਸ ਕਮਿਊਨਿਟੀ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਪੁਲਿਸ ਨੇ ਦੱਸਿਆ ਕਿ ਇਸ ਸਮੇਂ ਉਨ੍ਹਾਂ ਵੱਲੋਂ ਨਵੰਬਰ 2023 ਦੇ ਪੀਲ ਰੀਜਨ ਨਾਲ ਸਬੰਧਤ ਜਬਰਨ ਵਸੂਲੀ ਦੇ 29 ਮਾਮਲਿਆਂ ਵਿੱਚ ਜਾਂਚ ਚੱਲ ਰਹੀ ਹੈ। ਨੌਂ ਮਾਮਲੇ ਤਾਂ ਕਾਰੋਬਾਰਾਂ ਉੱਤੇ ਗੋਲੀਆਂ ਚਲਾਉਣ ਦੇ ਹੀ ਹਨ। ਇਨ੍ਹਾਂ ਮਾਮਲਿਆਂ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ। ਜਾਂਚਕਾਰਾਂ ਨੇ ਦੱਸਿਆ ਕਿ ਜਿਨ੍ਹਾਂ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਉਹ ਸਾਊਥ ਏਸ਼ੀਅਨ ਰੈਸਟੋਰੈਂਟਸ, ਬੇਕਰੀਆਂ, ਟਰੱਕਿੰਗ ਤੇ ਟਰਾਂਸਪੋਰਟ ਕੰਪਨੀਆਂ, ਯੂਜ਼ਡ ਕਾਰਾਂ ਦੀਆਂ ਡੀਲਰਸ਼ਿਪਜ਼ ਤੇ ਜਿਊਲਰੀ ਸਟੋਰ ਹਨ।

ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਜਬਰਨ ਵਸੂਲੀ ਸਬੰਧੀ ਮਿਲਣ ਵਾਲੀਆਂ ਧਮਕੀਆ ਨਾਲ ਕਮਿਊਨਿਟੀ ਉੱਤੇ ਮਾੜਾ ਅਸਰ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਤਾਜ਼ਾ ਗ੍ਰਿਫਤਾਰੀਆਂ ਨਾਲ ਅਸੀਂ ਇਹ ਸਪਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਇਸ ਤਰ੍ਹਾਂ ਦੀ ਜਬਰਨ ਵਸੂਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਪੀਲ ਪੁਲਿਸ ਅਲਬਰਟਾ ਤੇ ਬ੍ਰਿਟਿਸ਼ ਕੋਲੰਬੀਆ ਪੁਲਿਸ ਨਾਲ ਵੀ ਰਾਬਤਾ ਰੱਖ ਕੇ ਚੱਲ ਰਹੀ ਹੈ ਕਿਉਂਕਿ ਅਜਿਹੀਆਂ ਧਮਕੀਆਂ ਦਾ ਰੁਝਾਨ ਉੱਥੇ ਵੀ ਪਾਇਆ ਗਿਆ। ਇਸ ਤੋਂ ਇਲਾਵਾ ਭਾਰਤ ਦੀ ਪੁਲਿਸ ਨਾਲ ਵੀ ਰਾਬਤਾ ਰੱਖਿਆ ਜਾ ਰਿਹਾ ਹੈ।




# ਚੋਰੀ ਦੀਆਂ ਗੱਡੀਆਂ ਦੇ ਐਕਸਪੋਰਟ ਨੂੰ ਰੋਕਣ ਲਈ ਸਰਕਾਰ ਖਰਚੇਗੀ 28 ਮਿਲੀਅਨ ਡਾਲਰ

ਓਟਵਾ, 7 ਫਰਵਰੀ (ਪੋਸਟ ਬਿਊਰੋ) : ਚੋਰੀ ਕੀਤੀਆਂ ਜਾਣ ਵਾਲੀਆਂ ਗੱਡੀਆਂ ਦੇ ਐਕਸਪੋਰਟ ਨੂੰ ਰੋਕਣ ਲਈ ਫੈਡਰਲ ਸਰਕਾਰ ਵੱਲੋਂ 28 ਮਿਲੀਅਨ ਡਾਲਰ ਲਾਉਣ ਦਾ ਐਲਾਨ ਕੀਤਾ ਗਿਆ ਹੈ।

ਪਬਲਿਕ ਸੇਫਟੀ ਮੰਤਰੀ ਡੌਮੀਨਿਕ ਲੀਬਲੈਂਕ ਨੇ ਬੁੱਧਵਾਰ ਨੂੰ ਇਸ ਸਬੰਧ ਵਿੱਚ ਐਲਾਨ ਕਰਦਿਆਂ ਆਖਿਆ ਕਿ ਇਸ ਰਕਮ ਨਾਲ ਕੈਨੇਡਾ ਭਰ ਵਿੱਚ ਤੇ ਕੌਮਾਂਤਰੀ ਪੱਧਰ ਉੱਤੇ ਅਜਿਹਾ ਜੁਰਮ ਕਰਨ ਵਾਲਿਆਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਗ੍ਰਿਫਤਾਰ ਕੀਤੇ ਜਾਣ ਲਈ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਤੇ ਪੂਰਾ ਤਾਲਮੇਲ ਕਾਇਮ ਕੀਤਾ ਜਾਵੇਗਾ। ਇਹ ਐਲਾਨ ਆਟੋ ਚੋਰੀ ਬਾਰੇ ਹੋਣ ਵਾਲੀ ਕੌਮੀ ਸਿਖਰ ਵਾਰਤਾ ਤੋਂ ਪਹਿਲੀ ਸ਼ਾਮ ਕੀਤਾ ਗਿਆ। ਇਸ ਸਿਖਰ ਵਾਰਤਾ ਵਿੱਚ ਦੇਸ਼ ਭਰ ਤੋਂ ਸਰਕਾਰੀ ਅਧਿਕਾਰੀ, ਇੰਡਸਟਰੀ



ਆਗੂ ਤੇ ਕਾਨੂੰਨ ਲਾਗੂ ਕਰਨ ਵਾਲੇ ਨੁਮਾਇੰਦੇ ਹਿੱਸਾ ਲੈਣਗੇ।

ਇਸ ਮਾਮਲੇ ਵਿੱਚ ਲਿਬਰਲ ਸਰਕਾਰ ਉੱਤੇ ਫੈਡਰਲ ਕੰਜ਼ਰਵੇਟਿਵਾਂ ਵੱਲੋਂ ਵੀ ਦਬਾਅ ਪਾਇਆ ਜਾ ਰਿਹਾ ਹੈ। ਇਸ ਹਫਤੇ ਉਨ੍ਹਾਂ ਵੱਲੋਂ ਵੀ ਇਸ ਸਮੱਸਿਆ ਨਾਲ ਨਜਿੱਠਣ ਲਈ ਨਵੇਂ ਆਈਡੀਆ ਦਿੱਤੇ ਗਏ। ਫੈਡਰਲ ਸਰਕਾਰ ਨੇ ਦੱਸਿਆ ਕਿ ਇੱਕ ਅੰਦਾਜ਼ੇ ਮੁਤਾਬਕ ਕੈਨੇਡਾ ਵਿੱਚ ਸਾਲਾਨਾ 90,000 ਕਾਰਾਂ ਚੋਰੀ ਹੋ ਰਹੀਆਂ ਹਨ। ਇਸ ਨਾਲ ਕੈਨੇਡੀਅਨ ਇੰਸ਼ੋਰੈਂਸ ਪਾਲਿਸੀ ਹੋਲਡਰਜ਼ ਤੇ ਟੈਕਸਦਾਤਾਵਾਂ ਉੱਤੇ ਇੱਕ ਬਿਲੀਅਨ ਡਾਲਰ ਦਾ ਬੋਝ ਪੈ ਰਿਹਾ ਹੈ।

# ਘਰ ਵਿੱਚੋਂ ਮਿਲੀਆਂ ਦੋ ਲਾਸ਼ਾਂ, ਕਤਲ ਮੰਨ ਕੇ ਜਾਂਚ ਕਰ ਰਹੀ ਹੈ ਪੁਲਿਸ

ਟੋਰਾਂਟੋ, 7 ਫਰਵਰੀ (ਪੋਸਟ ਬਿਊਰੋ): ਸੋਮਵਾਰ ਨੂੰ ਰਿਚਮੰਡ ਹਿੱਲ ਦੇ ਇੱਕ ਘਰ ਵਿੱਚ ਮ੍ਰਿਤਕ ਪਾਏ ਗਏ ਦੋ ਵਿਅਕਤੀਆਂ ਦੇ ਸਬੰਧ ਵਿੱਚ ਯੌਰਕ ਰੀਜਨਲ ਪੁਲਿਸ ਵੱਲੋਂ ਕਤਲ ਸਬੰਧੀ ਜਾਂਚ ਸ਼ੁਰੂ ਕੀਤੀ ਗਈ ਹੈ।

ਸਵੇਰੇ 11:30 ਵਜੇ ਦੇ ਨੇੜੇ ਤੇੜੇ ਪੁਲਿਸ ਅਧਿਕਾਰੀਆਂ ਨੂੰ ਨੌਰਥ ਲੇਕ ਰੋਡ ਤੇ ਬੇਅਵਿਊ ਐਵਨਿਊ ਇਲਾਕੇ ਵਿੱਚ ਸਥਿਤ ਇੱਕ ਘਰ ਵਿੱਚ ਰਹਿਣ ਵਾਲੇ ਲੋਕਾਂ ਦੀ ਸਲਾਮਤੀ ਦੀ ਜਾਂਚ ਕਰਨ ਲਈ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਘਰ ਵਿੱਚ ਦੋ ਵਿਅਕਤੀ ਮ੍ਰਿਤਕ ਪਏ ਮਿਲੇ।ਪੁਲਿਸ ਨੇ ਦੱਸਿਆ ਕਿ ਇਹ ਇੱਕਲੀ-ਕਹਿਰੀ ਘਟਨਾ ਹੈ ਤੇ ਇਸ



ਨਾਲ ਜਨਤਾ ਨੂੰ ਕੋਈ ਖਤਰਾ ਨਹੀਂ ਹੈ। ਜਾਂਚਕਾਰ ਮੌਤ ਦੇ ਕਾਰਨਾਂ ਦਾ ਪਤਾ ਲਾਉਣ ਲਈ ਕੌਰੋਨਰ ਨਾਲ ਰਲ ਕੇ ਕੰਮ ਕਰ ਰਹੇ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਪੋਸਟ ਮਾਰਟਮ ਵੀ ਕਰਵਾਇਆ ਜਾਵੇਗਾ। ਜਾਂਚਕਾਰਾਂ ਦਾ ਇਹ ਵੀ ਕਹਿਣਾ ਹੈ ਕਿ ਪਿਛਲੇ ਹਫਤੇ ਰਿਚਮੰਡ ਹਿੱਲ ਦੇ ਘਰ ਵਿੱਚ ਤਿੰਨ ਵਿਅਕਤੀਆਂ ਦੀ ਹੋਈ ਮੌਤ ਤੋਂ ਇਹ ਮਾਮਲਾ ਵੱਖਰਾ ਹੈ।

# ਫਾਰਮਾਕੇਅਰ ਬਿੱਲ ਪਹਿਲੀ ਮਾਰਚ ਤੱਕ ਲਿਆਉਣ ਸਬੰਧੀ ਜਗਮੀਤ ਸਿੰਘ ਨੇ ਟਰੂਡੋ ਨੂੰ ਦਿੱਤਾ ਅਲਟੀਮੇਟਮ

ਓਟਵਾ, 7 ਫਰਵਰੀ(ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਬਾਰੇ ਅਲਟੀਮੇਟਮ ਦੇ ਦਿੱਤਾ ਗਿਆ ਹੈ ਕਿ ਜੇ ਪਹਿਲੀ ਮਾਰਚ ਤੱਕ ਫਾਰਮਾਕੇਅਰ ਸਬੰਧੀ ਕੋਈ ਠੋਸ ਬਿੱਲ ਪੇਸ਼ ਨਹੀਂ ਕੀਤਾ ਜਾਂਦਾ ਤਾਂ ਉਨ੍ਹਾਂ ਨਾਲ ਉਨ੍ਹਾਂ ਦੀ ਸਪਲਾਈ ਤੇ ਕੌਨਫੀਡੈਂਸ ਡੀਲ ਖ਼ਤਮ ਹੋ ਜਾਵੇਗੀ।

ਬੁੱਧਵਾਰ ਨੂੰ ਕੀਤੀ ਗਈ ਨਿਊਜ਼ ਕਾਨਫਰੰਸ ਵਿੱਚ ਜਗਮੀਤ ਸਿੰਘ ਨੇ ਖੁਲਾਸਾ ਕੀਤਾ ਕਿ ਸੋਮਵਾਰ ਨੂੰ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਨਾਲ ਕੀਤੀ ਗਈ ਦੋ ਟੂਕ ਮੀਟਿੰਗ ਵਿੱਚ ਇੱਕ ਵਾਰੀ ਫਿਰ ਫਾਰਮਾਕੇਅਰ ਬਿੱਲ ਬਾਰੇ ਐਨਡੀਪੀ ਦੇ ਪੱਖ ਨੂੰ ਸਪਸ਼ਟ ਕੀਤਾ ਗਿਆ।ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਟਰੂਡੋ ਨੂੰ ਇਹ ਸਮਝਾ ਦਿੱਤਾ ਹੈ ਕਿ ਇਸ ਮੁੱਦੇ ਨੂੰ ਲੈ ਕੇ ਉਹ ਕਾਫੀ ਗੰਭੀਰ ਹਨ। ਇਸ ਮਾਮਲੇ ਵਿੱਚ ਹੋਰ ਰਿਆਇਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਨੂੰ ਪਹਿਲੀ ਮਾਰਚ ਤੱਕ ਦਾ ਨੋਟਿਸ ਹੀ ਦੇ ਦਿੱਤਾ ਗਿਆ ਹੈ ਕਿ ਜੇ ਇਸ ਪਾਸੇ ਸੰਜੀਦਗੀ ਨਾਲ ਕੰਮ ਨਹੀਂ ਕੀਤਾ ਜਾਂਦਾ ਤਾਂ ਇਸ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ।



ਜੂਨ 2025 ਤੱਕ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਪਾਰਲੀਆਮੈਂਟ ਵਿੱਚ ਸਥਿਰਤਾ ਮੁਹੱਈਆ ਕਰਵਾਉਣ ਲਈ ਦੋਵਾਂ ਪਾਰਟੀਆਂ ਵਿੱਚ ਹੋਏ ਸਮਝੌਤੇ ਦੀ ਇਹ ਪਹਿਲੀ ਤੇ ਮੁੱਖ ਸ਼ਰਤ ਸੀ ਕਿ ਨੈਸ਼ਨਲ ਡਰੱਗ ਪਲੈਨ ਲਈ ਫਰੇਮਵਰਕ ਤਿਆਰ ਕੀਤਾ ਜਾਵੇ। ਜਗਮੀਤ ਸਿੰਘ ਨੇ ਇਹ ਸੰਕੇਤ ਦਿੱਤਾ ਹੈ ਕਿ ਜੇ ਲਿਬਰਲ ਅਗਲੇ ਮਹੀਨੇ ਤੱਕ ਇਸ ਮਾਮਲੇ ਵਿੱਚ ਕੁੱਝ ਨਹੀਂ ਕਰਦੇ ਤਾਂ ਉਹ ਇਸ ਨੂੰ ਸਮਝੌਤੇ ਤੋਂ ਮੁਨਕਰ ਹੋਣਾ ਮੰਨਣਗੇ। ਉਨ੍ਹਾਂ ਇਹ ਵੀ ਸਾਫ ਕਰ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਹੋਰ ਦੇਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

MagGas Medical Brampton
MGM
MAGGAS MEDICAL INC.
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਹਥਿਆਰਬੰਦ ਮਸ਼ਕੂਕਾਂ ਨੇ ਇੱਕ ਘਰ ਵਿੱਚੋਂ ਚੋਰੀ ਕੀਤੀਆਂ ਪੋਰਸ਼ਾ ਤੇ ਆਡੀ, ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਹੈਮਿਲਟਨ, 7 ਫਰਵਰੀ (ਪੋਸਟ ਬਿਊਰੋ) : ਪਿਛਲੇ ਹਫਤੇ ਹੈਮਿਲਟਨ ਦੇ ਇੱਕ ਘਰ ਵਿੱਚ ਜਬਰੀ ਦਾਖਲ ਹੋ ਕੇ ਕਾਰਾਂ ਚੋਰੀ ਕਰਨ ਵਾਲੇ ਮਸ਼ਕੂਕਾਂ ਦੀ ਪੁਲਿਸ ਵੱਲੋਂ ਵੀਡੀਓ ਫੁਟੇਜ ਜਾਰੀ ਕੀਤੀ ਗਈ ਹੈ।

ਵੀਡੀਓ ਵਿੱਚ 3 ਫਰਵਰੀ ਨੂੰ ਤੜਕੇ ਚਾਰ ਮਸ਼ਕੂਕ ਡੰਡਾਸ ਵਿੱਚ ਹੌਪਕਿੰਜ਼ ਕੋਰਟ ਤੇ ਯੌਰਕ ਰੋਡ ਇਲਾਕੇ ਦੇ ਇੱਕ ਘਰ ਵਿੱਚ ਪਹੁੰਚਦੇ ਨਜ਼ਰ ਆ ਰਹੇ ਹਨ।ਪੁਲਿਸ ਨੇ ਦੱਸਿਆ ਕਿ ਇਸ ਸਮੇਂ ਮਸ਼ਕੂਕਾਂ ਕੋਲ ਕਾਲੇ ਰੰਗ ਦਾ ਡੌਜ ਰੈਮ ਪਿੱਕਅੱਪ ਟਰੱਕ ਸੀ। ਪੁਲਿਸ ਅਨੁਸਾਰ ਮਸ਼ਕੂਕ ਸਵੇਰੇ 4:30 ਵਜੇ ਦੇ ਨੇੜੇ ਤੇੜੇ ਜਬਰਨ ਘਰ ਵਿੱਚ ਦਾਖਲ ਹੋ ਗਏ ਤੇ ਉਨ੍ਹਾਂ ਕੋਲ ਹਥਿਆਰ ਵੀ ਸਨ।ਸਰਵੇਲੈਂਸ ਕੈਮਰਿਆਂ ਵਿੱਚ ਮਸ਼ਕੂਕ ਘਰ ਵਿੱਚ ਦਾਖਲ ਹੁੰਦੇ ਵੀ ਨਜ਼ਰ ਆਏ। ਮਸ਼ਕੂਕਾਂ ਵਿੱਚੋਂ ਇੱਕ ਨੇ ਲੱਤ ਮਾਰ ਕੇ ਘਰ ਦਾ ਸਾਹਮਣੇ ਵਾਲਾ ਦਰਵਾਜ਼ਾ ਤੋੜਿਆ ਤੇ ਫਿਰ ਸਾਰੇ ਅੰਦਰ ਦਾਖਲ ਹੋ ਗਏ।



ਘਰ ਦੇ ਗੈਰਾਜ ਵਿੱਚੋਂ ਲਈ ਗਈ ਇੱਕ ਹੋਰ ਵੀਡੀਓ ਵਿੱਚ ਮਸ਼ਕੂਕ ਪੋਰਸ਼ਾ ਦਾ ਹੁੱਡ ਖੋਲ੍ਹਦੇ ਨਜ਼ਰ ਆ ਰਹੇ ਹਨ। ਮਸ਼ਕੂਕਾਂ ਨੂੰ ਗੈਰਾਜ ਦਾ ਦਰਵਾਜ਼ਾ ਖੋਲ੍ਹਣ ਵਿੱਚ ਕਾਫੀ ਸੰਘਰਸ਼ ਕਰਨਾ ਪਿਆ ਪਰ ਉਹ ਗੱਡੀ ਵਿੱਚ ਸਵਾਰ ਹੋ ਕੇ ਉੱਥੋਂ ਬਾਹਰ ਆ ਗਏ। ਮਸ਼ਕੂਕ ਗੈਰਾਜ ਵਿੱਚੋਂ ਪੋਰਸ਼ਾ ਤੇ ਬਾਹਰ ਖੜ੍ਹੀ ਆਡੀ ਵੀ ਲੈ ਗਏ। ਘਰ ਵਿੱਚ ਕਿਸੇ ਨੂੰ ਵੀ ਸੱਟ ਫੇਟ ਨਹੀਂ ਲੱਗੀ। ਹੈਮਿਲਟਨ ਪੁਲਿਸ ਵੱਲੋਂ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਆਖਿਆ ਗਿਆ ਕਿ ਡਿਟੈਕਟਿਵਜ਼ ਹੌਪਕਿੰਜ਼ ਕੋਰਟ ਤੇ ਯੌਰਕ ਰੋਡ ਇਲਾਕਾ ਵਾਸੀਆਂ ਨੂੰ ਉਸ ਦਿਨ ਦੇ ਆਪਣੇ ਸਕਿਊਰਿਟੀ ਕੈਮਰਿਆਂ ਦੀ ਫੁਟੇਜ ਸਵੇਰੇ 4:15 ਤੋਂ ਲੈ ਕੇ ਸਵੇਰ ਦੇ 5:00 ਵਜੇ ਤੱਕ ਵੇਖਣ ਲਈ ਆਖ ਰਹੇ ਹਨ।

ਪੁਲਿਸ ਨੇ ਦੱਸਿਆ ਕਿ ਸਿਲਵਰ ਰੰਗ ਦੀ ਪੋਰਸ਼ਾ 992, ਜਿਸ ਉੱਤੇ ਓਨਟਾਰੀਓ ਦੀ ਲਾਇਸੰਸ ਪਲੇਟ ਸੀਵਾਇਐਕਸਆਰ 654 ਲੱਗੀ ਹੋਈ ਸੀ ਤੇ ਨੇਵੀ ਬਲੂ ਰੰਗ ਦੀ ਆਡੀ ਕਿਊ 5, ਜਿਸ ਉੱਤੇ ਓਨਟਾਰੀਓ ਦੀ ਲਾਇਸੰਸ ਪਲੇਟ ਸੀਐਕਸਐਲਜੇ 430 ਲੱਗੀ ਹੋਈ ਸੀ, ਇਸ ਘਰ ਵਿੱਚੋਂ ਚੋਰੀ ਹੋਈਆਂ। ਅਜੇ ਤੱਕ ਕਿਸੇ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

## ਅੱਜ ਨਾਮਾ

ਚੋਣ ਨਜ਼ਦੀਕ ਸਿਆਸਤ ਫਿਰ ਤੇਜ਼ ਹੋਈ,
ਹੋਈ ਫਿਰ ਦੂਸ਼ਣਾਂ ਦੀ ਬਾਰਸ਼ ਤੇਜ਼ ਬੇਲੀ।
ਚੁਣ ਕੇ ਭੱਦੇ ਤੋਂ ਭੱਦਾ ਕਈ ਦੋਸ਼ ਲਾਉਂਦੇ,
ਵਿਗੜਦੇ ਸ਼ਬਦਾਂ ਦਾ ਨਹੀਂ ਪਰਹੇਜ਼ ਬੇਲੀ।
ਬੋਲਦਾ ਪਹਿਲਾ ਤਾਂ ਪਬਲਿਕ ਹੈਰਾਨ ਹੋਵੇ,
ਕਰ ਗਿਆ ਗੱਲ ਹੈ ਹੈਰਤ-ਅੰਗੇਜ਼ ਬੇਲੀ।
ਦੂਜਾ ਬੋਲੇ ਤਾਂ ਖੱਫਣ ਜਿਹਾ ਪਾੜ ਸੁੱਟਦਾ,
ਕਰਦਾ ਈ ਗੱਲ ਉਹ ਸਨਸਨੀਖੇਜ਼ ਬੇਲੀ।
ਬੋਲਦੇ ਵਕਤ ਕੁਝ ਜਿਹੜਾ ਸੰਕੋਚ ਕਰਦਾ,
ਉਹਦੀ ਤਕਰੀਰ ਵੀ ਜਾਪਦੀ ਖੁਸ਼ਕ ਬੇਲੀ।
ਜਿਉਂ-ਜਿਉਂ ਅੱਗੇ ਲੜਾਈ ਹੈ ਵਧੀ ਜਾਣੀ,
ਚਿੱਕੜਬਾਜ਼ੀ ਦਾ ਵਧੀ ਜਾਊ ਮੁਸ਼ਕ ਬੇਲੀ।

**ਤੀਸ ਮਾਰ ਖਾਂ**

# ਪਾਕਿਸਤਾਨ 'ਚ ਚੋਣਾਂ ਤੋਂ ਇਕ ਦਿਨ ਪਹਿਲਾਂ ਹੋਏ ਜ਼ਬਰਦਸਤ ਬੰਬ ਧਮਾਕੇ 'ਚ 8 ਲੋਕਾਂ ਦੀ ਮੌਤ



ਬਲੋਚਿਸਤਾਨ, 7 ਫਰਵਰੀ (ਪੋਸਟ ਬਿਊਰੋ): ਪਾਕਿਸਤਾਨ ਵਿੱਚ 8 ਫਰਵਰੀ ਨੂੰ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਇੱਕ ਵਾਰ ਫਿਰ ਵੱਡਾ ਬੰਬ ਧਮਾਕਾ ਹੋਇਆ ਹੈ। ਚੋਣਾਂ ਤੋਂ ਇੱਕ ਦਿਨ ਪਹਿਲਾਂ ਬਲੋਚਿਸਤਾਨ ਵਿੱਚ ਧਮਾਕਾ ਹੋਇਆ ਸੀ। ਨਿਊਜ਼ ਏਜੰਸੀ ਰਾਇਟਰਜ਼ ਮੁਤਾਬਕ ਬਲੋਚਿਸਤਾਨ ਵਿੱਚ ਇੱਕ ਸਿਆਸੀ ਪਾਰਟੀ ਦੇ ਦਫ਼ਤਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ 'ਚ 26 ਲੋਕਾਂ ਦੀ ਮੌਤ ਹੋਣ ਦੀ ਖਬਰ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਧਮਾਕਾ ਬੁੱਧਵਾਰ ਨੂੰ ਪਾਕਿ-ਸਤਾਨ ਦੇ ਬਲੋਚਿਸਤਾਨ ਵਿੱਚ ਇੱਕ ਸਿਆਸੀ ਪਾਰਟੀ ਦੇ ਦਫ਼ਤਰ ਦੇ ਬਾਹਰ ਹੋਇਆ। ਇਸ ਦੌਰਾਨ ਪਾਰਟੀ ਵਰਕਰ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਜੁਮਾ ਦਾਦ ਖਾਨ ਨੇ ਦੱਸਿਆ ਕਿ ਬਲੋਚਿਸਤਾਨ ਦੇ ਪਿਸ਼ੀਨ ਜ਼ਿਲ੍ਹੇ ਦੇ ਨੋਕੰਦੀ ਇਲਾਕੇ ਵਿੱਚ ਸਥਿਤ ਉਮੀਦਵਾਰ ਦੇ ਦਫ਼ਤਰ ਵਿੱਚ ਧਮਾਕਾ ਹੋਇਆ, ਜਿਸ ਵਿੱਚ ਅੱਠ ਲੋਕਾਂ ਦੀ ਜਾਨ ਚਲੀ ਗਈ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਡੇਰਾ ਇਸਮਾਈਲ ਖਾਨ ਵਿੱਚ ਵੀ ਹਮਲਾ ਹੋਇਆ ਸੀ। ਇੱਥੇ ਇੱਕ ਪੁਲਿਸ ਸਟੇਸ਼ਨ 'ਤੇ ਹੋਏ ਅੱਤਵਾਦੀ ਹਮਲੇ 'ਚ 10 ਪੁਲਿਸ ਮੁਲਾਜ਼ਮ ਸ਼ਹੀਦ ਹੋ ਗਏ। ਇਹ ਹਮਲਾ ਅੱਧੀ ਰਾਤ ਤੋਂ ਬਾਅਦ ਹੋਇਆ, ਜਦੋਂ ਜ਼ਿਆਦਾਤਰ ਪੁਲਿਸ ਮੁਲਾਜ਼ਮ ਸੌਂ ਰਹੇ ਸਨ। ਸੁੱਤੇ ਹੋਏ ਪੁਲਿਸ ਮੁਲਾਜ਼ਮਾਂ 'ਤੇ ਹਮਲੇ ਦੌਰਾਨ ਜਵਾਬੀ ਕਾਰਵਾਈ ਦਾ ਕੋਈ ਉਚਿਤ ਮੌਕਾ ਨਹੀਂ ਮਿਲਿਆ।

ਪਾਕਿਸਤਾਨ 'ਚ ਹਾਲ ਹੀ ਦੇ ਸਮੇਂ 'ਚ ਲਗਾਤਾਰ ਅੱਤਵਾਦੀ ਹਮਲੇ ਹੋ ਰਹੇ ਹਨ। ਅਸਥਿਰ ਪਾਕਿਸਤਾਨ ਦੀ ਅੰਤਰਿਮ ਸਰਕਾਰ ਉਨ੍ਹਾਂ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ। ਆਮ ਚੋਣਾਂ ਤੋਂ ਪਹਿਲਾਂ ਇੱਕ ਅੱਤਵਾਦੀ ਹਮਲੇ ਵਿੱਚ 10 ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ ਹੈ। ਛੇ ਹੋਰ ਲੋਕ ਜ਼ਖਮੀ ਹੋਏ ਹਨ। ਜ਼ਖਮੀਆਂ ਨੂੰ ਡੇਰਾ ਇਸਮਾਈਲ ਖਾਨ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

# ਸ਼ਿਕਾਗੋ 'ਚ ਭਾਰਤੀ ਵਿਦਿਆਰਥੀ 'ਤੇ ਜਾਨਲੇਵਾ ਹਮਲਾ, ਪਤਨੀ ਨੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਕੀਤੀ ਮੱਦਦ ਦੀ ਅਪੀਲ



ਵਾਸ਼ਿੰਗਟਨ, 7 ਫਰਵਰੀ (ਪੋਸਟ ਬਿਊਰੋ): ਅਮਰੀਕਾ 'ਚ ਗੋਲੀਬਾਰੀ ਦੀਆਂ ਘਟਨਾਵਾਂ ਘੱਟ ਨਹੀਂ ਹੋ ਰਹੀਆਂ ਹਨ। ਤਾਜ਼ਾ ਮਾਮਲੇ ਵਿਚ ਅਮਰੀਕਾ 'ਚ ਇਕ ਭਾਰਤੀ ਵਿਦਿਆਰਥੀ ਲਪੇਟ 'ਚ ਆਇਆ ਹੈ। ਅਮਰੀਕਾ ਦੇ ਸ਼ਿਕਾਗੋ 'ਚ ਇਕ ਭਾਰਤੀ ਵਿਦਿਆਰਥੀ 'ਤੇ ਜਾਨ-ਲੇਵਾ ਹਮਲਾ ਕੀਤਾ ਗਿਆ। ਪੀੜਤ ਹੈਦਰਾਬਾਦ ਦਾ ਰਹਿਣ ਵਾਲਾ ਹੈ, ਜਿਸ ਦਾ ਨਾਂ ਸਈਅਦ ਮਜ਼ਾਹਿਰ ਹੈ। ਇਸ ਸਬੰਧੀ ਭਾਰਤੀ ਕੌਂਸਲੇਟ ਨੇ ਸਈਅਦ ਅਤੇ ਉਸ ਦੇ ਪਰਿਵਾਰ ਨੂੰ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ ਹੈ। ਇਸ ਦੌਰਾਨ ਜਿਸ ਭਾਰਤੀ ਵਿਦਿਆਰਥੀ 'ਤੇ ਇਹ ਜਾਨਲੇਵਾ ਹਮਲਾ ਹੋਇਆ ਹੈ, ਉਸ ਦੀ ਪਤਨੀ ਨੇ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਮਦਦ ਦੀ ਅਪੀਲ ਕੀਤੀ ਹੈ।

ਸ਼ਿਕਾਗੋ ਵਿੱਚ ਭਾਰਤੀ ਵਣਜ ਦੂਤਘਰ ਨੇ ਕਿਹਾ ਹੈ ਕਿ ਉਹ ਪੀੜਤ ਸਈਦ ਮਜ਼ਾਹਿਰ ਦੀ ਪਤਨੀ ਦੇ ਸੰਪਰਕ ਵਿੱਚ ਹੈ। ਵਿਦਿਆਰਥੀ 'ਤੇ ਹਮਲੇ ਦੀ ਘਟਨਾ ਤੋਂ ਬਾਅਦ ਭਾਰਤੀ ਕੌਂਸਲੇਟ ਨੇ ਸਥਾਨਕ ਅਧਿਕਾਰੀਆਂ ਨਾਲ ਵੀ ਸੰਪਰਕ ਕੀਤਾ ਹੈ, ਇਹ ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ। ਭਾਰਤੀ ਦੂਤਾਵਾਸ ਨੇ ਇਸ ਸਬੰਧ 'ਚ 'ਐਕਸ' 'ਤੇ ਪੋਸਟ ਕੀਤਾ ਅਤੇ ਕਿਹਾ, 'ਕੌਂਸਲੇਟ ਜਨਰਲ ਭਾਰਤ ਵਿਚ ਸਈਅਦ ਮੁਜ਼ਾਹਿਰ ਅਲੀ ਅਤੇ ਉਨ੍ਹਾਂ ਦੀ ਪਤਨੀ ਸਈਦਾ ਰੁਕਈਆ ਫਾਤਿਮਾ ਰਿਜ਼ਵੀ ਦੇ ਸੰਪਰਕ ਵਿਚ ਹੈ। ਅਸੀਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।

ਭਾਰਤੀ ਵਿਦਿਆਰਥੀ 'ਤੇ ਹੋਏ ਇਸ ਜਾਨਲੇਵਾ ਹਮਲੇ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ। ਇਸ 'ਚ ਜ਼ਖਮੀ ਆਪਣੇ 'ਤੇ ਹੋਏ ਇਸ ਜਾਨਲੇਵਾ ਹਮਲੇ ਬਾਰੇ ਦੱਸ ਰਿਹਾ ਹੈ। ਉਸ ਦੇ ਸਰੀਰ 'ਚੋਂ ਖੂਨ ਵਗਦਾ ਨਜ਼ਰ ਆ ਰਿਹਾ ਹੈ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੇ ਗਏ ਇਕ ਹੋਰ ਵੀਡੀਓ 'ਚ ਤਿੰਨ ਹਮਲਾਵਰ ਸ਼ਿਕਾਗੋ ਦੀਆਂ ਸੜਕਾਂ 'ਤੇ ਅਲੀ ਦਾ ਪਿੱਛਾ ਕਰਦੇ ਨਜ਼ਰ ਆ ਰਹੇ ਹਨ। ਇੱਕ ਹੋਰ ਵੀਡੀਓ ਵਿੱਚ ਸ਼ਿਕਾਗੋ ਪੁਲਿਸ ਨੇ ਘਟਨਾ ਬਾਰੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ।

# ਵਿਆਹ ਤੋਂ ਬਾਅਦ ਘਰ ਆਉਂਦੇ ਸਮੇਂ ਲਾੜਾ-ਲਾੜੀ ਦੀ ਕਾਰ ਹਾਦਸਾਗ੍ਰਸਤ, ਲਾੜੀ ਦੀ ਮੌਤ



ਸੀਕਰ, 7 ਫਰਵਰੀ (ਪੋਸਟ ਬਿਊਰੋ): ਰਾਜਸਥਾਨ ਦੇ ਸੀਕਰ 'ਚ ਵਿਆਹ ਤੋਂ ਬਾਅਦ ਘਰ ਪਰਤਦੇ ਸਮੇਂ ਲਾੜੇ ਦੀ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਸੜਕ ਹਾਦਸੇ 'ਚ ਲਾੜੀ ਦੀ ਮੌਤ ਹੋ ਗਈ ਅਤੇ ਲਾੜਾ ਗੰਭੀਰ ਜ਼ਖਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਫਤਿਹਪੁਰ ਸਾਲਾਸਰ ਹਾਈਵੇ 'ਤੇ ਪਿੰਡ ਮਰਦਾਤੂ ਨੇੜੇ ਵਾਪਰਿਆ। ਗੰਭੀਰ ਜ਼ਖਮੀ ਲਾੜੇ ਨੂੰ ਸੀਕਰ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ ਵਿੱਚ ਕਾਰ ਚਾਲਕ ਵੀ ਜ਼ਖ਼ਮੀ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਬਰਾਤ ਲਕਸ਼ਮਣਗੜ੍ਹ ਇਲਾਕੇ ਦੇ ਪਿੰਡ ਬਟਦਾਨੋ ਤੋਂ ਹਰਿਆਣਾ ਗਿਆ ਸੀ। ਪਿੰਡ ਵਾਪਸ ਪਹੁੰਚਣ ਤੋਂ ਪਹਿਲਾਂ ਹੀ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ।

ਇਹ ਘਟਨਾ ਸੀਕਰ ਜ਼ਿਲੇ ਦੇ ਫਤਿਹਪੁਰ ਥਾਣਾ ਖੇਤਰ ਦੇ ਸਾਲਾਸਰ ਹਾਈਵੇ 'ਤੇ ਮਰਦਾਤੂ ਪਿੰਡ ਨੇੜੇ ਸਵੇਰੇ 7 ਵਜੇ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਕ੍ਰੇਟਾ ਕਾਰ ਨੂੰ ਸਾਹਮਣੇ ਤੋਂ ਆ ਰਹੇ ਡੰਪਰ ਨੇ ਟੱਕਰ ਮਾਰ ਦਿੱਤੀ। ਹੈੱਡ ਕਾਂਸਟੇਬਲ ਰਾਮਦੇਵ ਨੇ ਦੱਸਿਆ ਕਿ ਲਕਸ਼ਮਣਗੜ੍ਹ ਤਹਿਸੀਲ ਦੇ ਪਿੰਡ ਬਟਲਾ ਨੌਂ ਦੇ ਨਰਿੰਦਰ (25) ਦਾ ਵਿਆਹ 6 ਫਰਵਰੀ ਨੂੰ ਹਰਿਆਣਾ ਦੇ ਹਿਸਾਰ ਦੀ ਰਹਿਣ ਵਾਲੀ ਆਪਣੀ ਪਤਨੀ ਖੁਸ਼ਬੂ (24) ਨਾਲ ਹੋਇਆ ਸੀ। ਵਿਦਾਈ ਤੋਂ ਬਾਅਦ ਉਹ ਆਪਣੇ ਸਹੁਰੇ ਘਰ ਬਟਾਲਾ ਨਾਊ ਪਿੰਡ ਆ ਰਹੀ ਸੀ। ਇਸ ਦੌਰਾਨ ਫਤਿਹਪੁਰ ਸਾਲਾਸਰ ਹਾਈਵੇ 'ਤੇ ਪਿੰਡ ਮਰਦਾਤੂ ਨੇੜੇ ਸਾਹਮਣੇ ਤੋਂ ਆ ਰਹੇ ਇਕ ਡੰਪਰ ਨੇ ਲਾੜਾ-ਲਾੜੀ ਦੀ ਕਰੇਟਾ ਕਾਰ ਨੂੰ ਟੱਕਰ ਮਾਰ ਦਿੱਤੀ।

ਹਾਦਸੇ 'ਚ ਸਿਰ 'ਤੇ ਗੰਭੀਰ ਸੱਟ ਲੱਗਣ ਕਾਰਨ ਖੁਸ਼ਬੂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਲਾੜਾ ਨਰਿੰਦਰ ਅਤੇ ਡਰਾਈਵਰ ਨਿਤਿਨ (32) ਗੰਭੀਰ ਜ਼ਖ਼ਮੀ ਹੋ ਗਏ। ਹਾਦਸੇ ਦੀ ਜ਼ੋਰਦਾਰ ਆਵਾਜ਼ ਸੁਣ ਕੇ ਆਸ-ਪਾਸ ਦੇ ਲੋਕ ਮੌਕੇ 'ਤੇ ਪਹੁੰਚ ਗਏ ਅਤੇ ਜ਼ਖਮੀਆਂ ਨੂੰ ਨਿੱਜੀ ਵਾਹਨ 'ਚ ਸਵਾਰ ਹੋ ਕੇ ਸਰਕਾਰੀ ਧਨੁਕਾ ਉਪ ਜ਼ਿਲਾ ਹਸਪਤਾਲ ਦੇ ਟਰਾਮਾ ਸੈਂਟਰ ਪਹੁੰਚਾਇਆ। ਜਿੱਥੇ ਡਾਕਟਰਾਂ ਨੇ ਲਾੜੀ ਖੁਸ਼ਬੂ ਨੂੰ ਮ੍ਰਿਤਕ ਐਲਾਨ ਦਿੱਤਾ। ਗੰਭੀਰ ਜ਼ਖਮੀ ਨਰਿੰਦਰ ਨੂੰ ਸੀਕਰ ਰੈਫਰ ਕਰ ਦਿੱਤਾ ਗਿਆ ਅਤੇ ਡਰਾਈਵਰ ਨਿਤਿਨ ਦਾ ਹਸਪਤਾਲ 'ਚ ਮੁੱਢਲਾ ਇਲਾਜ ਚੱਲ ਰਿਹਾ ਹੈ। ਸੂਚਨਾ ਮਿਲਣ 'ਤੇ ਥਾਣਾ ਸਦਰ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦੀ ਜਾਣਕਾਰੀ ਲਈ।

# ਇਸਤਾਨਬੁਲ ਕੋਰਟ ਹਾਊਸ 'ਚ ਗੋਲੀਬਾਰੀ, ਹਮਲਾਵਰ ਹਲਾਕ



ਇਸਤਾਨਬੁਲ, 7 ਫਰਵਰੀ (ਪੋਸਟ ਬਿਊਰੋ): ਤੁਰਕੀ ਤੋਂ ਵੱਡੀ ਖਬਰ ਆ ਰਹੀ ਹੈ। ਜਾਣਕਾਰੀ ਮੁਤਾਬਕ ਇਸਤਾਨਬੁਲ ਕੋਰਟ ਹਾਊਸ 'ਚ ਗੋਲੀਬਾਰੀ ਦੀ ਘਟਨਾ 'ਚ ਦੋ ਲੋਕਾਂ ਦੀ ਮੌਤ ਹੋ ਗਈ ਹੈ। ਸੁਰੱਖਿਆ ਕਰਮੀਆਂ ਨੇ ਦੋ ਹਮਲਾਵਰਾਂ ਨੂੰ ਮਾਰ ਦਿੱਤਾ ਹੈ। ਇਸ ਘਟਨਾ 'ਚ ਪੰਜ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਤੁਰਕੀ ਦੇ ਗ੍ਰਹਿ ਮੰਤਰੀ ਅਲੀ ਨੇ ਕਿਹਾ ਕਿ ਮੈਂ ਦੋ ਹਮਲਾਵਰਾਂ ਨੂੰ ਮਾਰਨ ਲਈ ਸਾਡੇ ਬਹਾਦਰ ਪੁਲਿਸ ਅਧਿਕਾਰੀਆਂ ਨੂੰ ਵਧਾਈ ਦਿੰਦਾ ਹਾਂ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ।

ਤੁਰਕੀ ਦੇ ਗ੍ਰਹਿ ਮੰਤਰੀ ਅਲੀ ਯੇਰਲੀਕਾਯਾ ਨੇ ਦੱਸਿਆ ਕਿ ਮੰਗਲਵਾਰ ਨੂੰ ਇਸਤਾਬੁਲ ਦੀ ਇਕ ਅਦਾਲਤ 'ਤੇ ਦੋ ਵਿਅਕਤੀਆਂ ਨੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਨਿਊਜ਼ ਏਜੰਸੀ ਰਾਇਟਰਜ਼ ਮੁਤਾਬਕ ਪੁਲਿਸ ਗੋਲੀਬਾਰੀ 'ਚ ਮਾਰੇ ਗਏ ਵਿਅਕਤੀ ਅਤੇ ਔਰਤ ਸ਼ੂਟਰ ਸਨ। ਉਸ ਨੇ ਪੁਲਿਸ 'ਤੇ ਫਾਇਰਿੰਗ ਕੀਤੀ, ਜਿਸ ਤੋਂ ਬਾਅਦ ਸੁਰੱਖਿਆ ਕਰਮੀਆਂ ਨੇ ਉਸ ਨੂੰ ਮੌਕੇ 'ਤੇ ਹੀ ਮਾਰ ਦਿੱਤਾ। ਯੇਰਲਿਕਾਯਾ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਕ ਪੋਸਟ ਕਰਕੇ ਇਸ ਘਟਨਾ ਦੀ ਜਾਣਕਾਰੀ ਦਿੱਤੀ।

ਤੁਰਕੀ ਦੇ ਗ੍ਰਹਿ ਮੰਤਰੀ ਅਲੀ ਨੇ ਕਿਹਾ ਕਿ ਮੈਂ ਆਪਣੇ ਬਹਾਦਰ ਪੁਲਿਸ ਅਧਿਕਾਰੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ। ਦੱਸ ਦੇਈਏ ਕਿ ਜਿਸ ਅਦਾਲਤ 'ਤੇ ਹਮਲੇ ਦੀ ਕੋਸ਼ਿਸ਼ ਕੀਤੀ ਗਈ ਸੀ। ਉਹ ਕਾਗਾਯਾਨ ਦੇ ਕਾਗਯਾਨ ਖੇਤਰ ਵਿੱਚ ਪੈਂਦੀ ਹੈ।

# ਚੰਡੀਗੜ੍ਹ ਮੇਅਰ ਚੋਣਾਂ ਮਾਮਲੇ ਨੂੰ ਲੈ ਕੇ ਵਿਦਿਆਰਥੀ ਜੱਥੇਬੰਦੀ ਐੱਨ.ਐੱਸ.ਯੂ.ਆਈ. ਦੇ ਵਰਕਰਾਂ ਦਾ ਰੋਸ ਪ੍ਰਦਰਸ਼ਨ, ਪੁਲਿਸ ਵਲੋਂ ਹਲਕਾ ਲਾਠੀਚਾਰਜ

ਚੰਡੀਗੜ੍ਹ, 7 ਫਰਵਰੀ (ਪੋਸਟ ਬਿਊਰੋ): ਚੰਡੀਗੜ੍ਹ ਵਿੱਚ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ (ਐਨਐਸਯੂਆਈ) ਨੇ ਚੰਡੀਗੜ੍ਹ ਮੇਅਰ ਚੋਣਾਂ ਮਾਮਲੇ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਜਦੋਂ ਚੰਡੀਗੜ੍ਹ ਪੁਲਿਸ ਨੇ ਐਨਐਸਯੂਆਈ ਦੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਵਰਕਰਾਂ ਤੇ ਪੁਲਿਸ ਆਹਮੋ-ਸਾਹਮਣੇ ਹੋ ਗਏ। ਪੁਲਿਸ ਨੇ ਐਨਐਸਯੂਆਈ ਵਰਕਰਾਂ ਨੂੰ ਰੋਕਣ ਲਈ ਪਾਣੀ ਦੀਆਂ ਬੁਛਾੜਾਂ ਦੀ ਵਰਤੋਂ ਕੀਤੀ।

ਇੰਡੀਅਨ ਨੈਸ਼ਨਲ ਸਟੂਡੈਂਟਸ ਆਰਗੇਨਾਈਜੇਸ਼ਨ ਦੇ ਵਰਕਰ ਅੱਜ ਚੰਡੀਗੜ੍ਹ ਮੇਅਰ ਚੋਣਾਂ ਮਾਮਲੇ ਨੂੰ ਲੈ ਕੇ ਆਪਣਾ ਰੋਸ ਪ੍ਰਗਟ ਕਰਨ ਲਈ ਭਾਰਤੀ ਜਨਤਾ ਪਾਰਟੀ ਦੇ ਚੰਡੀਗੜ੍ਹ ਦਫ਼ਤਰ ਵੱਲ ਜਾ ਰਹੇ ਸਨ। ਪੁਲਿਸ ਨੇ ਐਨਐਸਯੂਆਈ ਵਰਕਰਾਂ ਨੂੰ ਰਸਤੇ ਵਿੱਚ ਬੈਰੀਕੇਡ ਲਾ ਕੇ ਰੋਕ ਲਿਆ। ਜਿਸ 'ਤੇ ਐਨ.ਐਸ.ਯੂ.ਆਈ. ਦੇ ਵਰਕਰ ਭੜਕ ਗਏ ਅਤੇ ਸੜਕ ਤੋਂ ਬੈਰੀਕੇਡ ਹਟਾਉਣ ਦੀ ਕੋਸ਼ਿਸ਼ ਕੀਤੀ।

ਇਸ ਦੌਰਾਨ ਸਥਿਤੀ ਉਸ ਸਮੇਂ ਅਚਾਨਕ ਤਣਾਅਪੂਰਨ ਹੋ ਗਈ ਜਦੋਂ ਐਨਐਸਯੂਆਈ ਦੇ ਵਰਕਰ ਬੈਰੀਕੇਡ 'ਤੇ ਚੜ੍ਹ ਗਏ ਅਤੇ ਪੁਲਿਸ ਮੁਲਾਜ਼ਮਾਂ ਨਾਲ ਹੱਥੋਪਾਈ ਸ਼ੁਰੂ ਹੋ ਗਈ ਅਤੇ ਪੁਲਿਸ ਨੇ ਹਲਕੀ ਤਾਕਤ ਦੀ ਵਰਤੋਂ ਕਰਦਿਆਂ ਲਾਠੀਚਾਰਜ ਕੀਤਾ . ਅੱਜ ਐਨਐਸਯੂਆਈ ਵਰਕਰਾਂ ਦੇ ਧਰਨੇ ਲਈ ਚੰਡੀਗੜ੍ਹ ਪ੍ਰਸ਼ਾਸਨ ਨੇ ਪਹਿਲਾਂ ਹੀ ਭਾਰੀ ਪੁਲਿਸ ਫੋਰਸ ਦਾ ਪ੍ਰਬੰਧ ਕੀਤਾ ਹੋਇਆ ਸੀ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਉਹ ਭਾਜਪਾ ਦਫ਼ਤਰ ਵੱਲ ਜਾ ਰਿਹਾ ਹੈ। ਅਜਿਹੇ 'ਚ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਲਈ ਪਹਿਲਾਂ ਹੀ ਪੁਖਤਾ ਇੰਤਜ਼ਾਮ ਕਰ ਲਏ ਸਨ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

**SherGill Law Firm**
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

**TAX & ACCOUNTING**
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant


ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration


We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ

ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS

We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

## ਮੁੰਬਈ ਦੇ ਰੇਲਵੇ ਸਟੇਸ਼ਨ ’ਤੇ 12 ਲੱਖ ਰੁਪਏ ਦੀਆਂ ਟੂਟੀਆਂ ਚੋਰੀ, ਮੁਲਜ਼ਮਾਂ ਨੂੰ ਫੜ੍ਹਨ ਲਈ ਦੋ ਟੀਮਾਂ ਬਣਾਈਆਂ



ਮੁੰਬਈ, 7 ਫਰਵਰੀ (ਪੋਸਟ ਬਿਊਰੋ): ਮੁੰਬਈ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ ਰੇਲਵੇ ਸਟੇਸ਼ਨ ਤੋਂ 1.2 ਲੱਖ ਰੁਪਏ ਦੀਆਂ ਟੂਟੀਆਂ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਰੇਲਵੇ ਵੱਲੋਂ ਯਾਤਰੀਆਂ ਲਈ ਬਣਾਏ ਗਏ ਨਵੇਂ ਏਸੀ ਟਾਇਲਟ ਵਿੱਚੋਂ ਟੂਟੀਆਂ ਚੋਰੀ ਹੋ ਗਈਆਂ ਹਨ। ਰੇਲਵੇ ਜੀਆਰਪੀ ਨੇ ਐਫਆਈਆਰ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਮੁਤਾਬਕ ਇਹ ਘਟਨਾ 6 ਫਰਵਰੀ ਦੀ ਰਾਤ ਦੀ ਹੈ। ਪੁਲੀਸ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਦੋ ਟੀਮਾਂ ਬਣਾਈਆਂ ਹਨ।

ਸੂਤਰਾਂ ਅਨੁਸਾਰ ਚੋਰੀ ਹੋਈਆਂ ਫਿਟਿੰਗਾਂ ਵਿੱਚ ਜੈੱਟ ਸਪਰੇਅ, ਟੂਟੀ, ਟਾਇਲਟ ਸੀਟ ਕਵਰ, ਬੋਤਲ ਟ੍ਰੈਪ ਅਤੇ ਸਟੌਪਕਾਕ ਵਾਲਵ ਸ਼ਾਮਲ ਹਨ। ਰੇਲਵੇ ਨੇ ਪੁਲਿਸ ਕੋਲ ਅਧਿਕਾਰਤ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਜਨਤਕ ਸਹੂਲਤਾਂ ਦੀ ਨਿਗਰਾਨੀ ਦਾ ਮੁੱਦਾ ਵੀ ਉਠਾਇਆ ਹੈ। ਮੁੰਬਈ ਡਿਵੀਜ਼ਨ ਦੇ ਕੇਂਦਰੀ ਰੇਲਵੇ ਨੇ ਵੀ ਐਕਸ ਹੈਂਡਲ 'ਤੇ ਇੱਕ ਵੀਡੀਓ ਸ਼ੇਅਰ ਕੀਤਾ ਹੈ।

ਅਜੇ ਤੱਕ ਚੋਰਾਂ ਦੀ ਪਛਾਣ ਨਹੀਂ ਹੋ ਸਕੀ ਹੈ ਅਤੇ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਕਿਸੇ ਰੇਲਵੇ ਕਰਮਚਾਰੀ ਜਾਂ ਠੇਕਾ ਕਰਮਚਾਰੀ ਨੇ ਚੋਰੀ ਨੂੰ ਅੰਜਾਮ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ਨੀਵਾਰ ਨੂੰ ਚੱਲਦੇ ਕਮਰੇ ਦੇ ਟਾਇਲਟ 'ਚ ਚੋਰੀ ਦੀ ਵਾਰਦਾਤ ਹੋਈ। ਰਨਿੰਗ ਰੂਮ ਉਹ ਹੈ ਜਿੱਥੇ ਰੇਲ ਡਰਾਈਵਰ ਅਤੇ ਗਾਰਡ ਆਰਾਮ ਕਰਨ ਅਤੇ ਬ੍ਰੇਕ ਲੈਣ ਲਈ ਆਉਂਦੇ ਹਨ। ਅੱਠ ਬਿਬ ਕਾਕਸ, ਨੌਂ ਸਟਾਪ ਕਾਕਸ ਅਤੇ ਜੈੱਟ ਸਪਰੇਅ ਚੋਰੀ ਹੋ ਗਏ ਸਨ। ਇਕ ਅਧਿਕਾਰੀ ਨੇ ਦੱਸਿਆ ਕਿ ਸੋਮਵਾਰ ਨੂੰ ਔਰਤਾਂ ਦੇ ਟਾਇਲਟ ਤੋਂ ਤਿੰਨ ਪਿੱਲਰ ਕਾਕਸ ਅਤੇ ਪੁਰਸ਼ਾਂ ਦੇ ਟਾਇਲਟ ਤੋਂ ਤਿੰਨ ਪਿੱਲਰ ਕਾਕਸ ਅਤੇ ਨਵੇਂ ਏਸੀ ਟਾਇਲਟ ਟੂਟੀਆਂ ਵੀ ਚੋਰੀ ਹੋ ਗਈਆਂ।

## ਮੱਧ ਪ੍ਰਦੇਸ਼ ਦੇ ਹਰਦਾ ਪਟਾਕਾ ਫੈਕਟਰੀ ਅੱਗ ਮਾਮਲੇ ’ਚ ਮੁੱਖ ਮੁਲਜ਼ਮ ਸਮੇਤ 3 ਗ੍ਰਿਫਤਾਰ



ਭੋਪਾਲ, 7 ਫਰਵਰੀ (ਪੋਸਟ ਬਿਊਰੋ): ਮੱਧ ਪ੍ਰਦੇਸ਼ ਦੀ ਹਰਦਾ ਪਟਾਕਾ ਫੈਕਟਰੀ ਅੱਗ ਮਾਮਲੇ 'ਚ ਪੁਲਸ ਨੇ ਮੁੱਖ ਮੁਲਜ਼ਮ ਸਮੇਤ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੇ ਨਾਲ ਹੀ ਹਰਦਾ ਦੀ ਪਟਾਕਾ ਫੈਕਟਰੀ ਵਿੱਚ ਹਾਦਸੇ ਦੇ 24 ਘੰਟੇ ਬਾਅਦ ਵੀ ਬਚਾਅ ਕਾਰਜ ਜਾਰੀ ਹੈ। ਇਸ ਹਾਦਸੇ 'ਚ ਹੁਣ ਤੱਕ 11 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦਕਿ 184 ਤੋਂ ਵੱਧ ਜ਼ਖਮੀ ਹਨ। ਇਨ੍ਹਾਂ ਵਿੱਚੋਂ 40 ਗੰਭੀਰ ਜ਼ਖਮੀ ਹਨ। ਫ਼ੈਕਟਰੀ ਮਾਲਕਾਂ ਰਾਜੇਸ਼ ਅਤੇ ਸੋਮੇਸ਼ ਅਗਰਵਾਲ ਨੂੰ ਪੁਲਿਸ ਨੇ ਰਾਜਗੜ੍ਹ ਜ਼ਿਲ੍ਹੇ ਦੇ ਸਾਰੰਗਪੁਰ ਤੋਂ ਗ੍ਰਿਫ਼ਤਾਰ ਕੀਤਾ ਹੈ।

ਫੈਕਟਰੀ ਮਾਲਕਾਂ ਨੂੰ ਪਿਛਲੇ ਸਮੇਂ ਵਿੱਚ ਵੀ ਅਜਿਹੇ ਹਾਦਸਿਆਂ ਵਿੱਚ ਸ਼ਾਮਲ ਹੋਣ ਕਾਰਨ ਸਜ਼ਾ ਦਿੱਤੀ ਜਾ ਚੁੱਕੀ ਹੈ। ਫੈਕਟਰੀ ਮਾਲਕ ਹਾਈਕੋਰਟ ਤੋਂ ਜ਼ਮਾਨਤ ਲੈ ਕੇ ਜੇਲ੍ਹ ਤੋਂ ਬਾਹਰ ਆ ਗਿਆ। ਬਾਰੂਦ ਫੈਕਟਰੀ ਦੇ ਬੇਸਮੈਂਟ ਵਿੱਚ ਰੱਖਿਆ ਹੋਇਆ ਸੀ। ਇਸ ਤੋਂ ਇਲਾਵਾ ਫੈਕਟਰੀ ਵਿੱਚ ਪੰਜ ਵੱਡੇ ਹਾਲ ਵੀ ਸਨ ਜਿੱਥੇ ਸੂਤੀ ਬੰਬਾਂ ਤੋਂ ਇਲਾਵਾ ਮਿੱਟੀ ਦੇ ਅਨਾਰ ਦੀਆਂ ਚੱਕਰੀਆਂ ਬਣਾਈਆਂ ਜਾਂਦੀਆਂ ਸਨ।

ਹਰਦਾ ਦੇ ਐਸਪੀ ਸੰਜੀਵ ਕੰਚਨ ਨੇ ਦੱਸਿਆ ਕਿ ਫੈਕਟਰੀ ਦੇ ਦੋ ਮਾਲਕਾਂ ਰਾਜੇਸ਼ ਅਗਰਵਾਲ ਅਤੇ ਸੋਮੇਸ਼ ਅਗਰਵਾਲ ਨੂੰ ਰਾਜਗੜ੍ਹ ਜ਼ਿਲ੍ਹੇ ਦੇ ਸਾਰੰਗਪੁਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ, ਜਦੋਂ ਕਿ ਰਫੀਕ ਖਾਨ ਨਾਮਕ ਇੱਕ ਹੋਰ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਸ ਨੇ ਦੱਸਿਆ ਕਿ ਰਫੀਕ ਖਾਨ ਨੂੰ ਪੁੱਛਗਿੱਛ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਸੂਤਰਾਂ ਨੇ ਦੱਸਿਆ ਕਿ ਰਫੀਕ ਫੈਕਟਰੀ ਦਾ ਮੈਨੇਜਰ ਦੱਸਿਆ ਜਾਂਦਾ ਹੈ।

## ਅਸਾਮ ਵਿਚ ਸ਼ਹੀਦ ਹੋਏ ਇੰਡੋ ਤਿਬਤ ਬਾਰਡਰ ਪੁਲਿਸ ਦੇ ਜਵਾਨ ਤਰਸੇਮ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ



ਅੰਮ੍ਰਿਤਸਰ, 7 ਫਰਵਰੀ (ਪੋਸਟ ਬਿਊਰੋ): ਅੰਮ੍ਰਿਤਸਰ ਦੇ ਰਈਆ ਦੇ ਨੇੜਲੇ ਪਿੰਡ ਚੀਮਾ ਬਾਠ ਦੇ ਇੰਡੋ ਤਿਬਤ ਬਾਰਡਰ ਪੁਲਿਸ ਵਿੱਚ ਤਾਇਨਾਤ ਤਰਸੇਮ ਸਿੰਘ ਦੀ ਅਸਾਮ ਦੇ ਗੁਹਾਟੀ ਵਿਖੇ ਡਿਊਟੀ ਦੌਰਾਨ ਕੁਝ ਦਿਨ ਬੀਮਾਰ ਰਹਿਣ ਉਪਰੰਤ ਸ਼ਹੀਦ ਹੋ ਗਿਆ ਸੀ। ਸ਼ਹੀਦ ਤਰਸੇਮ ਸਿੰਘ ਦੀ ਮ੍ਰਿਤਕ ਦੇਹ ਅੱਜ ਹਲਕਾ ਬਾਬਾ ਬਕਾਲਾ ਸਾਹਿਬ ਦੇ ਪਿੰਡ ਚੀਮਾ ਬਾਠ ਵਿਖੇ ਪੁੱਜੀ, ਜਿੱਥੇ ਆਈਟੀਬੀਪੀ ਦੇ ਜਵਾਨਾਂ ਵੱਲੋਂ ਸਰਕਾਰੀ ਸਨਮਾਨਾਂ ਦੇ ਨਾਲ ਉਹਨਾਂ ਦਾ ਅੰਤਿਮ ਸਸਕਾਰ ਕੀਤਾ ਗਿਆ।

ਮ੍ਰਿਤਕ ਜਵਾਨ ਆਪਣੇ ਪਿੱਛੇ ਘਰਵਾਲੀ ਤੋਂ ਇਲਾਵਾ ਦੋ ਲੜਕੇ ਛੱਡ ਗਿਆ ਹੈ। ਮ੍ਰਿਤਕ ਸ਼ਹੀਦ ਜਵਾਨ ਅਜੇ ਮਹੀਨਾ ਪਹਿਲਾਂ ਛੁੱਟੀ ਕੱਟ ਕੇ ਡਿਊਟੀ ‘ਤੇ ਵਾਪਸ ਪਰਤਿਆ ਸੀ ਕੀ ਇਸੇ ਦੌਰਾਨ ਉਥੇ ਬੀਮਾਰ ਹੋਣ ਚੱਲਦੇ ਚਾਰ ਫਰਵਰੀ ਦੀ ਰਾਤ ਨੂੰ ਆਸਾਮ ਵਿੱਚ ਸ਼ਹੀਦ ਹੋ ਗਿਆ। ਸਸਕਾਰ ਮੌਕੇ ਸਮੂਹ ਪਿੰਡ ਵਾਸੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਡੀ.ਐਸ.ਪੀ ਬਾਬਾ ਬਕਾਲਾ, ਐਸ.ਐਚ ਓ ਬਿਆਸ ਸਤਨਾਮ ਸਿੰਘ ਅਤੇ ਆਈ.ਟੀ.ਬੀ.ਪੀ ਦੇ ਅਧਿਕਾਰੀਆਂ ਨੇ ਮ੍ਰਿਤਕ ਦੇਹ ਉਪਰ ਫੁੱਲ ਭੇਟ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।


Tech Spirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਿਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976


## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ।
ਸੰਪਰਕ : 647-948-8474 647-670-8013


You can Place Your Business Here To Reach Wider Audience
(905)793-2202
For more info Call 905-793-2202 or e-mail ads@punjabipost.ca



Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**


## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਂਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4’’ tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ


## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3’’, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664


ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

ਵਿਸ਼ਵ ਦੇ ਮਹਾਨ ਖਿਡਾਰੀ

# ਬੌਬ ਬੀਮਨ ਦੀ ਵੀਹ ਹੱਥ ਲੰਮੀ 'ਗ਼ੈਬੀ' ਛਾਲ

-ਪ੍ਰਿੰ. ਸਰਵਣ ਸਿੰਘ-

29 ਫੁੱਟ ਢਾਈ ਇੰਚ ਲੰਮੀ ਛਾਲ ਕਹਿ ਦੇਣੀ ਗੱਲ ਹੈ। ਬੰਦਾ ਪੱਧਰ ਥਾਂ ਤੋਂ ਪੈਰ ਉਠਾ ਕੇ ਬਾਰਾਂ ਕਦਮ ਦੂਰ ਜਾ ਡਿੱਗੇ?20 ਹੱਥ ਲੰਮੀ ਛਾਲ ਮਾਰ ਦੇਵੇ!ਸੱਚ ਨਹੀਂ ਆਉਂਦਾ। ਪਰ ਹੈ ਸੱਚ। ਏਨੀ ਲੰਮੀ ਛਾਲ 8 ਮਹੀਨਿਆਂ ਦੇਹੀ ਮਾਂ-ਮਹਿੱਟਰ ਹੋਏ ਬਾਲ ਨੇ 22 ਸਾਲਾਂ ਦਾ ਹੋ ਕੇ ਮੈਕਸੀਕੋ ਸਿਟੀ ਦੀਆਂ ਓਲੰਪਿਕ ਖੇਡਾਂ 'ਚ ਲਾਈ ਤੇ ਧੰਨ ਧੰਨ ਕਰਾਈ। ਖੇਡਾਂ ਦੇ ਰਿਕਾਰਡ ਨਿੱਤ ਨਵੇਂ ਹੁੰਦੇ ਹਨ ਪਰਉਸ ਛਾਲ ਦਾ ਓਲੰਪਿਕ ਰਿਕਾਰਡ 56 ਸਾਲ ਬੀਤ ਜਾਣ 'ਤੇ ਵੀ ਨਹੀਂ ਟੁੱਟਾ। ਅਜਿਹੀ ਅਦਭੁੱਤ ਛਾਲ ਲਾਉਣ ਵਾਲਾਨੀਗਰੋ ਐਥਲੀਟ ਬੌਬ ਬੀਮਨ ਸੀ ਜੋ2024 ਵਿਚ ਉਮਰ ਦੇ 78ਵੇਂ ਸਾਲ 'ਚ ਹੈ।

ਬੌਬ ਬੀਮਨ ਦਾ ਅਸਲੀ ਨਾਂ ਰੌਬਰਟ ਬੀਮਨ ਹੈ। ਉਸ ਦੀ ਮੈਕਸੀਕੋ 'ਚ ਲਾਈ ਗ਼ੈਬੀ ਛਾਲ ਨੇ ਦੁਨੀਆ ਦੰਗ ਕਰ ਦਿੱਤੀ ਸੀ। ਪਹਿਲੇ ਓਲੰਪਿਕ ਰਿਕਾਰਡ ਨਾਲੋਂ ਲਗਭਗ ਦੋ ਫੁੱਟ ਵੱਧ ਲੰਮੀ ਛਾਲ! ਮਿਣਤੀ ਕਰਨ ਵਾਲੀ ਸਕੇਲ ਨਾਲ ਉਸ ਦੀ ਮਿਣਤੀ ਨਾ ਹੋ ਸਕੀ। ਫਿਰ ਸਟੀਲ ਦਾ ਫੀਤਾ ਵਰਤੋਂ ਵਿਚ ਲਿਆਂਦਾ ਗਿਆ। ਵੀਹ ਮਿੰਟ ਛਾਲ ਦੀ ਮੁੜ ਮੁੜ ਮਿਣਤੀ ਕੀਤੀ ਜਾਂਦੀ ਰਹੀ। ਨਤੀਜਾ ਉਹੀ 29 ਫੁੱਟ ਢਾਈ ਇੰਚਯਾਨੀ 8.90 ਮੀਟਰ ਨਿਕਲਦਾ। ਆਖ਼ਰ ਨਤੀਜਾ ਐਲਾਨ ਦਿੱਤਾ ਗਿਆ ਤੇ ਉਸ ਛਾਲ ਨੂੰ ਵੀਹਵੀਂ ਸਦੀ ਦੀ ਇੱਕੀਵੀਂ ਸਦੀ 'ਚ ਛਾਲ ਕਿਹਾ ਜਾਣ ਲੱਗਾ।

ਬੌਬ ਬੀਮਨ ਦਾ ਜਨਮ, ਬਰੌਂਕਸ, ਨਿਊ ਯਾਰਕ, ਅਮਰੀਕਾ ਵਿਚ ਬਿਮਾਰ ਰਹਿੰਦੀ ਔਰਤ ਨੌਮੀ ਬਰਾਊਨ ਬੀਮਨ ਦੀ ਕੁੱਖੋਂ 29 ਅਗੱਸਤ 1946 ਨੂੰ ਹੋਇਆ। ਬੌਬ ਬੀਮਨ ਅੱਠਾਂ ਮਹੀਨਿਆਂ ਦਾ ਸੀ ਜਦੋਂ ਉਸ ਦੀ ਮਾਂ ਤਪਦਿਕ ਦੀ ਬਿਮਾਰੀ ਨਾਲ ਚੱਲ ਵਸੀ। ਉਸ ਦਾ ਪਿਉ ਮਤਰੇਆ ਬਾਪ ਸੀ। ਬੌਬ ਦਾ ਬਚਪਨ ਯਤੀਮਾਂ ਵਾਂਗ ਬੀਤਿਆ। ਮਾਂ ਮਹਿੱਟਰ ਬੱਚੇ ਦੀਪਾਲਣਾ ਉਹਦੀ ਨਾਨੀ ਬੇਸੀ ਨੇ ਕੀਤੀ। ਉਹ ਵੀ ਬਿਮਾਰ ਰਹਿੰਦੀ ਸੀ। ਹਾਲਾਤ ਨੇ ਬਾਲਕ ਬੌਬ ਨੂੰ ਹਿੰਸਾ, ਗੈਂਗਵਾਦ ਤੇ ਡਰੱਗ ਦੇ ਚੱਕਰਾਂ ਵਿਚ ਪਾ ਦਿੱਤਾ। ਇਕ ਵਾਰ ਉਸ ਨੇ ਸਕੂਲ ਦੇ ਅਧਿਆਪਕ ਨੂੰ ਹੀ ਕੁੱਟ ਧਰਿਆ ਜਿਸ ਦੀ ਸਜ਼ਾ ਵਜੋਂ ਉਸ ਦਾ ਨਾਂ ਕੱਟ ਦਿੱਤਾ ਗਿਆ। ਉਸ ਨੂੰ ਨਬਾਲਗਾਂ ਦੀ ਸੁਧਾਰ ਜੇਲ੍ਹ ਵਿਚ ਰਹਿਣਾ ਪਿਆ ਜਿਥੇ ਉਹ ਅਨੁਸਾਸ਼ਨ ਸਿੱਖਿਆ ਅਤੇ ਖੇਡਾਂ ਵਿਚ ਰੁਚੀ ਲੈਣ ਲੱਗਾ। ਗਲੀਆਂ ਦੀ ਗੁੰਡਾਗਰਦੀ ਛੱਡ ਕੇ ਜਦੋਂ ਉਹ ਜਮਾਇਕਾ ਹਾਈ ਸਕੂਲ ਵਿਚ ਪੜ੍ਹਨ ਲੱਗਾ ਤਾਂ ਸਬੱਬੀਂ ਅਥਲੈਟਿਕਸ ਦੇ ਕੋਚ ਲੈਰੀ ਐਲਿਸ ਦੀ ਨਜ਼ਰੇ ਚੜ੍ਹ ਗਿਆ। ਲੈਰੀ ਐਲਿਸ ਦੀ ਕੋਚਿੰਗ ਨਾਲ ਬੌਬ ਛੇਤੀ ਹੀ ਸਕੂਲੀ ਖੇਡਾਂ 'ਚ ਛਾ ਗਿਆ ਤੇ ਇਨਾਮ ਜਿੱਤਣ ਲੱਗ ਪਿਆ।

ਫਿਰ ਉਸ ਨੇ ਬਿਮਾਰ ਪਈ ਨਾਨੀ ਦੀ ਰਹਾਇਸ਼ ਨੇੜੇ ਨਾਰਥ ਕੇਰੋਲੀਨਾ ਐਗਰੀਕਲਚਰ ਐਂਡ ਟੈਕਨੀਕਲ ਕਾਲਜ ਵਿਚ ਦਾਖਲਾ ਲੈ ਲਿਆ। ਨਾਨੀ ਦੀ ਮ੍ਰਿਤੂ ਪਿੱਛੋਂ ਉਹ ਯੂਨੀਵਰਸਿਟੀ ਆਫ਼ ਟੈਕਸਾਸ ਐਟ ਐਲ ਪਾਸੋ 'ਚ ਚਲਾ ਗਿਆ ਜਿਥੇ ਉਸ ਨੂੰ ਟ੍ਰੈਕ ਐਂਡ ਫੀਲਡ ਸਕਾਲਰਸ਼ਿਪ ਮਿਲ ਗਿਆ। ਤਦ ਤਕ ਉਸ ਦਾ ਕੱਦ ਛੇ ਫੁੱਟ ਤਿੰਨ ਇੰਚ ਉੱਚਾ ਹੋ ਗਿਆ ਤੇ ਸਰੀਰਕ ਭਾਰ ਵੀ 70 ਕਿਲੋ ਦੇ ਨੇੜ ਪਹੁੰਚ ਗਿਆ। ਸਕੂਲਾਂ ਦੀਆਂ ਨੈਸ਼ਨਲ ਖੇਡਾਂ ਵਿਚ ਉਸ ਨੇ ਟ੍ਰਿਪਲ ਜੰਪ ਦਾ ਨੈਸ਼ਨਲ ਰਿਕਾਰਡ ਰੱਖ ਦਿੱਤਾ ਅਤੇ ਲੰਮੀ ਛਾਲ ਲਾਉਣ 'ਚ ਵੀ ਦੂਜੇ ਸਥਾਨ 'ਤੇ ਰਿਹਾ। 1967 ਵਿਚ ਉਹ ਲੰਮੀ ਛਾਲ ਲਾਉਣ 'ਚ ਅਮਰੀਕਾ ਦਾ ਨੈਸ਼ਨਲ ਚੈਂਪੀਅਨ ਬਣ ਗਿਆ ਅਤੇ ਵਿਨੀਪੈੱਗ ਦੀਆਂ ਪੈਨ ਅਮੈਰੀਕਨ ਖੇਡਾਂ ਵਿਚ ਸਿਲਵਰ ਮੈਡਲ ਜਿੱਤਿਆ। ਉਹ ਬੇਸ਼ਕ ਬਚਪਨ ਵਿਚ ਹੀ ਯਤੀਮ ਹੋ ਗਿਆ ਸੀ ਪਰ ਆਪਣੀ ਹਿੰਮਤ ਤੇ ਮਿਹਨਤ ਨਾਲ ਵਿਸ਼ਵ ਦਾ ਮਹਾਨ ਖਿਡਾਰੀ ਬਣਿਆ।

ਓਲੰਪਿਕ ਖੇਡਾਂ 'ਚ ਲੰਮੀ ਛਾਲ ਦੇ ਮੈਡਲਾਂ 'ਤੇ ਝਾਤ ਮਾਰੀਏ ਤਾਂ ਵਧੇਰੇ ਮੈਡਲ ਅਮਰੀਕਾ ਦੇ ਅਥਲੀਟਾਂ ਨੇ ਜਿੱਤੇ ਹਨ। 1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਤੋਂ 2021 ਦੀਆਂ 32ਵੀਆਂ ਓਲੰਪਿਕ ਖੇਡਾਂ ਤਕ ਅਮਰੀਕੀ ਅਥਲੀਟਾਂ ਨੇ 22 ਸੋਨੇ, 15 ਚਾਂਦੀ, 10 ਕਾਂਸੀ, ਕੁਲ 47 ਤਗ਼ਮੇ ਜਿੱਤੇ ਹਨ। ਦੂਜੇ ਨੰਬਰ 'ਤੇ ਰਹਿਣ ਵਾਲੇ ਗ੍ਰੇਟ ਬ੍ਰਿਟੇਨ ਨੇ 2 ਸੋਨੇ ਤੇ 2 ਕਾਂਸੀ ਸਮੇਤ 4 ਤਗ਼ਮੇ ਅਤੇ ਤੀਜੇ ਨੰਬਰ 'ਤੇ ਈਸਟ ਜਰਮਨੀ ਨੇ 1 ਸੋਨੇ, 2 ਚਾਂਦੀ, 1 ਕਾਂਸੀ ਸਮੇਤ 4 ਤਗ਼ਮੇ ਜਿੱਤੇ ਹਨ। ਚੌਥੇ ਨੰਬਰ 'ਤੇ ਕਿਊਬਾ ਹੈ ਜਿਸ ਦੇ 4 ਤਗ਼ਮਿਆਂ 'ਚ 1 ਸੋਨੇ, 1 ਚਾਂਦੀ ਤੇ 2 ਕਾਂਸੀ ਦੇ ਤਗ਼ਮੇ ਹਨ। ਪੰਜਵੇਂ ਨੰਬਰ 'ਤੇ ਸਵੀਡਨ ਹੈ ਜਿਸ ਪਾਸ 1 ਸੋਨੇ ਤੇ 2 ਕਾਂਸੀ ਦੇ ਤਗ਼ਮਿਆਂ ਨਾਲ ਕੁਲ 3 ਤਗ਼ਮੇ ਹਨ। ਛੇਵੇਂ ਨੰਬਰ ਤੇ ਗਰੀਸ ਹੈ ਤੇ ਸੱਤਵੇਂ ਨੰਬਰ 'ਤੇ ਪਨਾਮਾ ਹੈ ਜਿਨ੍ਹਾਂ ਕੋਲ 1-1 ਸੋਨ ਤਗ਼ਮਾ ਹੈ। ਹੋਰ ਕੋਈ ਮੁਲਕ ਅਜੇ ਤਕ ਸੋਨ-ਤਗ਼ਮਾ ਨਹੀਂ ਜਿੱਤ ਸਕਿਆ।



ਜਿਥੋਂ ਤਕ ਨਵੇਂ ਰਿਕਾਰਡ ਰੱਖਣ ਦੀ ਗੱਲ ਹੈ 1901 ਵਿਚ ਮਰਦਾਂ ਦੀ ਲੰਮੀ ਛਾਲ ਦਾ ਰਿਕਾਰਡ 24 ਫੁੱਟ ਪੌਣੇ 12 ਇੰਚ ਸੀ ਜੋ ਓ ਕੋਨਰ ਦੇ ਨਾਂ ਰਿਹਾ। 1921 ਵਿਚ ਗੌਰਡਨ ਨੇ ਰਿਕਾਰਡ 25 ਫੁੱਟ 3 ਇੰਚ ਕਰ ਦਿੱਤਾ। 1935 'ਚ ਜੈਸੀ ਓਵੇਂਜ਼ ਵਿਸ਼ਵ ਰਿਕਾਰਡ 26 ਫੁੱਟ ਸਵਾ 8 ਇੰਚ ਤਕ ਲੈ ਗਿਆ। 1965 ਵਿਚ ਬੋਸਟਨ ਨੇ 27 ਫੁੱਟ ਪੌਣੇ 5 ਇੰਚ ਲੰਮੀ ਛਾਲ ਮਾਰੀ ਤੇ 1967 ਵਿਚ ਇਗੋਰ ਓਵੇਸੀਅਨ ਵੀ 27 ਫੁੱਟ ਪੌਣੇ 5 ਇੰਚ ਛਾਲ ਮਾਰ ਗਿਆ। ਫੁੱਟਾਂ ਦੇ ਫਰਕ ਨਾਲ ਰਿਕਾਰਡ ਤੋੜਨ ਦਾ ਮਾਅ੍ਰਕਾ ਮਾਰਿਆ ਬੌਬ ਬੀਮਨ ਨੇ, ਜੀਹਨੇ 1968 ਵਿਚ 29 ਫੁੱਟ ਢਾਈ ਇੰਚ ਲੰਮੀ ਛਾਲ ਮਾਰ ਦਿੱਤੀ!

ਬੌਬ ਬੀਮਨ ਲਈ 1968 ਦਾ ਸਾਲ ਭਾਗਾਂ ਵਾਲਾ ਚੜ੍ਹਿਆ ਸੀ। ਓਲੰਪਿਕ ਖੇਡਾਂ ਤੋਂ ਪਹਿਲਾਂ ਉਸ ਨੇ 23 ਮੀਟਾਂ ਵਿਚ ਭਾਗ ਲਿਆ ਜਿਨ੍ਹਾਂ 'ਚੋਂ 22 ਮੀਟਾਂ 'ਚ ਜਿੱਤ ਹਾਸਲ ਕੀਤੀ ਸੀ। ਇਕ ਮੀਟ ਵਿਚ ਉਹ 8.33 ਮੀਟਰ ਭਾਵ 27 ਫੁੱਟ ਪੌਣੇ 4 ਇੰਚ ਲੰਮੀ ਛਾਲ ਮਾਰ ਗਿਆ ਸੀ। ਐਡੀ ਛਾਲ ਨਾਲ ਉਸ ਨੂੰਅਗਲਾਓਲੰਪਿਕ ਚੈਂਪੀਅਨ ਚਿਤਵਿਆ ਜਾ ਰਿਹਾ ਸੀ। ਉਸ ਵੇਲੇ ਲੰਮੀ ਛਾਲ ਦਾ ਵਿਸ਼ਵ ਰਿਕਾਰਡ 8.39 ਅਥਵਾ 27 ਫੁੱਟ ਸਵਾ 6 ਇੰਚ ਸੀ। ਉਸ ਸਾਲ ਉਹ ਅਮਰੀਕਾ ਦਾ ਲੰਮੀ ਤੇ ਤੀਹਰੀ ਛਾਲ ਦਾ ਵੀ ਚੈਂਪੀਅਨ ਸੀ। 1960 ਦੀਆਂ ਓਲੰਪਿਕ ਖੇਡਾਂ 'ਚੋਂ ਗੋਲਡ ਮੈਡਲ ਤੇ 1964 'ਚ ਟੋਕੀਓ ਦੀਆਂ ਓਲੰਪਿਕ ਖੇਡਾਂ 'ਚੋਂ ਸਿਲਵਰ ਮੈਡਲ ਜਿੱਤਣ ਵਾਲਾ ਅਮਰੀਕੀ ਅਥਲੀਟ ਰਾਲਫ ਬੋਸਟਨ, ਬ੍ਰਿਟੇਨ ਦਾ ਲਿਨ ਡੈਵੀਜ਼ ਤੇ ਸੋਵੀਅਤ ਰੂਸ ਦਾ ਇਗੋਰ ਓਵਨੇਸੀਅਨ ਵੀ ਓਲੰਪਿਕ ਮੈਡਲ ਜਿੱਤਣ ਦੇ ਉਮੀਦਵਾਰ ਸਨ। ਬੋਸਟਨ ਬੌਬ ਬੀਮਨ ਵਾਂਗ ਸਿਆਹਫਾਮ ਅਥਲੀਟ ਸੀ ਤੇ ਉਹਦਾ ਕੋਚ ਰਿਹਾ ਸੀ। ਉਹ 84 ਸਾਲ ਦੀ ਉਮਰੇ 2023 'ਚ ਚਲਾਣਾ ਕਰ ਗਿਆ। ਬੌਬ ਬੀਮਨ ਤੋਂ ਵੱਡੀ ਛਾਲ ਮਰਵਾਉਣ 'ਚ ਉਹਦਾ ਵੀ ਹੱਥ ਸੀ।

ਮੈਕਸੀਕੋ ਸਿਟੀ ਸਮੁੰਦਰੀ ਸਤ੍ਹਾ ਤੋਂਕਾਫੀ ਉਚੇਰੀ ਜਗ੍ਹਾ ਹੈ ਜਿਸ ਕਰਕੇ ਉਥੋਂ ਦੀ ਹਵਾ ਹਲਕੀ ਹੈ। ਹਲਕੀ ਹਵਾ ਸਪਰਿੰਟਰਾਂ ਤੇ ਛਾਲਾਂ ਲਾਉਣ ਵਾਲਿਆਂ ਲਈ ਤਾਂ ਬਿਹਤਰ ਨਤੀਜੇ ਲਿਆਉਣ ਵਾਲੀ ਹੁੰਦੀ ਹੈ ਜਦ ਕਿ ਲੰਮੀਆਂ ਦੌੜਾਂ ਲਾਉਣ ਵਾਲਿਆਂ ਲਈ ਘਾਟੇਵੰਦੀ ਕਿਉਂਕਿ ਉਸ ਵਿਚ ਆਕਸੀਜ਼ਨ ਘੱਟ ਹੁੰਦੀ ਹੈ। ਸਾਹ ਛੇਤੀ ਚੜ੍ਹਦਾ ਹੈ। ਇਹੋ ਕਾਰਨ ਸੀ ਕਿ ਮੈਕਸੀਕੋ ਦੀ ਓਲੰਪਿਕਸ ਵਿਚ ਸਪਰਿੰਟ ਦੌੜਾਂ ਤੇ ਛਾਲਾਂ ਦੇ ਰਿਕਾਰਡ ਵੱਧ ਟੁੱਟੇ ਜਦ ਕਿ ਲੰਮੀਆਂ ਦੌੜਾਂ ਦੇ ਨਾਮਾਤਰ। ਬਲਕਿ ਮੈਰਾਥਨ ਦੌੜ ਲਾਉਣ ਵਾਲੇ ਤਾਂ ਬੇਹੋਸ਼ ਹੋ ਕੇ ਡਿੱਗਦੇ ਵੀ ਰਹੇ।



ਬੌਬ ਬੀਮਨ ਦੀ ਇਹ ਪਹਿਲੀ ਓਲੰਪਿਕਸ ਸੀ। ਉਦੋਂ ਉਹ 22 ਸਾਲਾਂ ਦਾ ਸੀ ਜਿਸ ਤੋਂ ਮੈਡਲ ਜਿੱਤਣ ਦੀਆਂ ਵੱਡੀਆਂ ਆਸਾਂ ਸਨ। ਪਰ ਉਹ ਕੁਆਲੀਫਾਈ ਕਰਨ ਦੀਆਂ ਤਿੰਨ ਛਾਲਾਂ 'ਚੋਂ ਪਹਿਲੀਆਂ ਦੋ ਛਾਲਾਂ ਫਾਊਲ ਕਰ ਬੈਠਾ ਸੀ। ਨੌਬਤ ਖੇਡਾਂ 'ਚੋ ਬਾਹਰ ਹੋ ਜਾਣ ਦੀ ਆ ਬਣੀ ਸੀ। ਹੁਣ ਸਾਰਾ ਦਾਰੋਮਦਾਰ ਅੰਤਮ ਛਾਲ 'ਤੇ ਸੀ। ਜੇਕਰ ਉਹ ਵੀ ਫਾਊਲ ਹੋ ਜਾਂਦੀ ਜਾਂ ਕੁਆਲੀਫਾਈ ਟੀਚੇ ਤੋਂ ਘੱਟ ਰਹਿ ਜਾਂਦੀ ਤਾਂ ਉਸ ਨੇ ਮੁਕਾਬਲੇ 'ਚੋਂ ਬਾਹਰ ਹੋ ਜਾਣਾ ਸੀ।ਉਹ ਡਾਢਾ ਮਾਯੂਸਸੀ।

ਤੀਜੀ ਛਾਲ ਲਾਉਣ ਤੋਂ ਪਹਿਲਾਂ ਉਹਦੇ ਕੋਚ ਰਹੇ ਤੇ ਟੀਮਏਟਬਣੇ ਬੋਸਟਨ ਨੇ ਉਸ ਨੂੰ ਠਰੰਮੇ ਨਾਲ ਸਮਝਾਇਆ ਕਿ ਉਹ ਆਖ਼ਰੀ ਛਾਲ ਜੰਪ ਪੱਟੀ ਤੋਂ ਪਿੱਛੋਂ ਵੀ ਲਾਵੇ ਤਾਂ ਵੀ ਉਹ ਆਸਾਨੀ ਨਾਲ ਕੁਆਲੀਫਾਈ ਕਰ ਸਕਦੈ। ਬੌਬ ਬੀਮਨ ਨੇ ਆਪਣਾ ਰਨ ਵੇਅ ਦੁਬਾਰਾ ਮਿਣਿਆ ਅਤੇ ਜੰਪ ਪੱਟੀ ਤੋਂ ਥੋੜ੍ਹਾ ਪਿੱਛੋਂ ਪੈਰ ਚੁੱਕ ਕੇ ਛਾਲ ਮਾਰੀ ਜਿਸ ਨਾਲ ਉਹ ਓਲੰਪਿਕ ਮੁਕਾਬਲੇ ਦੀਆਂ ਫਾਈਨਲ ਛਾਲਾਂ ਲਈ ਕੁਆਲੀਫਾਈ ਕਰ ਗਿਆ।

18 ਅਕਤੂਬਰ 1968 ਨੂੰ ਲੰਮੀ ਛਾਲ ਲਈ ਪਹਿਲੀ ਆਵਾਜ਼ ਵੱਜੀ ਤਾਂ ਰਾਲਫ ਬੋਸਟਨ ਤੇ ਬੌਬ ਬੀਮਨ ਇਕੱਠੇ ਸਰੀਰ ਗਰਮਾਉਣ ਲੱਗੇ। ਬੱਦਲਵਾਈ ਸੀ, ਮੀਂਹ ਪੈਣ ਦਾ ਡਰ ਸੀ। ਸ਼ਾਮ ਦੇ 3:46 ਵਜੇ ਚੈਸਟ ਨੰਬਰ 254 ਦੇ ਚੌਥੇ ਜੰਪਰ ਬੌਬ ਬੀਮਨ ਦਾ ਨਾਂ ਬੋਲਿਆ ਗਿਆ। ਉਹਦੀ ਪਹਿਲੀ ਛਾਲ ਸੀ। ਬੌਬ ਆਪਣੇ ਰੱਨ ਵੇਅ ਦੇ ਮਾਰਕ 'ਤੇ ਗਿਆ। ਰਤਾ ਝੁਕ ਕੇ ਤੇ ਸਿਰ ਘੁਮਾ ਕੇ ਪੈਂਤੜਾ ਲਿਆ। ਉਹਦੀ ਦੌੜ ਤੇਜ਼ ਹੁੰਦੀ ਗਈ ਜੋ 24 ਮੀਲ ਪ੍ਰਤੀ ਘੰਟਾ ਰਫਤਾਰ ਫੜ ਗਈ। ਜੰਪ ਪੱਟੀ ਉੱਤੇ ਪੈਰ ਬਿਲਕੁਲ ਠੀਕ ਪਿਆ। ਉਹ ਸਾਢੇ ਪੰਜ ਤੋਂ ਛੇ ਫੁੱਟ ਉੱਚਾ ਕੁੱਦਿਆ। ਹਵਾ 'ਚ ਕਿੱਕ ਵੀ ਸਹੀ ਲੱਗੀ। ਨਰਮ ਪਿੱਚ ਵਿਚ ਪੈਰ ਅਗਾਂਹ ਕੱਢ ਕੇ ਪਾਸੇ ਪਰਨੇ ਨਹੀਂ ਡਿੱਗਾ ਬਲਕਿ ਡਿੱਗਣ ਸਾਰ ਨਿੱਕੀ ਜਿਹੀ ਛਾਲ ਮਾਰ ਕੇ ਪਿੱਚ ਤੋਂ ਅੱਗੇ ਨਿਕਲ ਗਿਆ। ਜੱਜ ਨੇ ਚਿੱਟੀ ਝੰਡੀ ਦਿੱਤੀ ਜੋ ਸਹੀ ਛਾਲ ਦਾ ਸੰਕੇਤ ਸੀ। ਉਹ ਛਾਲ ਅੱਜ ਵੀ ਵੀਡੀਓ ਤੋਂ ਵੇਖੀ ਜਾ ਸਕਦੀ ਹੈ।

ਬੌਬ ਬੀਮਨ ਛਾਲ ਮਾਰ ਕੇ ਮਿਣਤੀ ਕਰਨ ਵਾਲਿਆਂ ਵੱਲ ਜਾਣ ਦੀ ਥਾਂ ਸਿੱਧਾ ਬੈਂਚ 'ਤੇ ਰੱਖੇ ਟਰੈਕ ਸੂਟ ਵੱਲ ਵਧਿਆ। ਉਸ ਸਮੇਂ ਸਟੇਡੀਅਮ ਵਿਚ 40 ਹਜ਼ਾਰ ਦਰਸ਼ਕ ਮੌਜੂਦ ਸਨ। 1935 ਦਾ ਵਿਸ਼ਵ ਰਿਕਾਰਡੀ ਜੈਸੀ ਓਵੇਂਜ ਓਲੰਪਿਕ ਖੇਡਾਂ ਦਾ ਰੇਡੀਓ ਕੁਮੈਂਟੇਟਰ ਸੀ। ਉਸ ਨੇ ਦੂਰਬੀਨ ਨਾਲ ਬੌਬ ਬੀਮਨ ਦੀ ਛਾਲ ਨੂੰ ਨਿਹਾਰਿਆ ਤੇ ਅੰਦਾਜ਼ਾ ਲਾਇਆ ਕਿ ਇਹ ਛਾਲ ਨਵਾਂ ਰਿਕਾਰਡ ਹੋਵੇਗੀ। ਵਾਰੀ ਦੀ ਉਡੀਕ ਕਰਦੇ ਰਾਲਫ ਬੋਸਟਨ ਨੇ ਲਿਨ ਡੇਵੀਸ ਨੂੰ ਕਿਹਾ, "ਇਹ ਛਾਲ 28 ਫੁੱਟ ਹੋਵੇਗੀ।" ਡੇਵੀਸ ਨੇ ਕਿਹਾ, "ਨਹੀਂ, ਏਨੀ ਨੀ ਹੋ ਸਕਦੀ।" ਬੋਸਟਨ ਨੇ ਫਿਰ ਕਿਹਾ, "28 ਫੁੱਟ ਤੋਂ ਵੱਧ ਹੀ ਹੋਵੇਗੀ।" ਉਦੋਂ ਵਿਸ਼ਵ ਰਿਕਾਰਡ 27 ਫੁੱਟ ਪੌਣੇ 5 ਇੰਚ ਸੀ।

ਸਕੇਲ ਨਾਲ ਛਾਲ 28 ਫੁੱਟ ਤਕ ਹੀ ਮਿਣੀ ਜਾ ਸਕਦੀ ਸੀ। ਸਕੇਲ ਪਾਸੇ ਕਰ ਕੇ ਸਟੀਲ ਦਾ ਫੀਤਾ ਖੋਲ੍ਹ ਲਿਆ ਗਿਆ ਸੀ। ਜਦੋਂ ਮਿਣਤੀ ਹੋਈ ਤਾਂ ਰਾਲਫ ਬੋਸਟਨ ਨੇ ਬੈਂਚ ਕੋਲ ਟਹਿਲਦੇ ਬੌਬ ਬੀਮਨ ਨੂੰ ਸਭ ਤੋਂ ਪਹਿਲਾਂ ਦੱਸਿਆ ਕਿ ਤੇਰੀ ਛਾਲ 29 ਫੁੱਟ ਤੋਂ ਉਪਰ ਹੈ!ਇਹ ਖ਼ਬਰ ਖ਼ੁਸ਼ੀ ਦੇ ਬੰਬ ਵਰਗੀ ਸੀ। ਬੌਬ ਨੇ ਤਾਂ 28 ਫੁੱਟ ਕਰਾਸ ਕਰਨ ਬਾਰੇ ਵੀ ਨਹੀਂ ਸੀ ਸੋਚਿਆ। 29 ਫੁੱਟ ਤੋਂ ਉਪਰ ਸੁਣ ਕੇ ਬੌਬ ਨੂੰ ਜਬਰਦਸਤ ਜਜ਼ਬਾਤੀ ਦੌਰਾ ਪੈ ਗਿਆ। ਉਹਦੇ ਹੰਝੂ ਉਮਡ ਆਏ। ਹਾਕਲ ਬਾਕਲ ਹੋਇਆਉਹ ਗੋਡਣੀਏਂ ਡਿੱਗ ਪਿਆ ਤੇ ਮੂੰਹ ਹੱਥਾਂ ਨਾਲ ਢਕ ਲਿਆ। ਸਾਥੀਆਂ ਨੇ ਉਸ ਨੂੰ ਸੰਭਾਲਿਆ। ਹੋਸ਼ ਪਰਤੀ ਤਾਂ ਉਸ ਨੇ ਧਰਤੀ ਮਾਂ ਨੂੰ ਚੁੰਮਿਆ ਤੇ ਸਾਥੀਆਂ ਦੀ ਸਹਾਇਤਾ ਨਾਲ ਉੱਠ ਖੜ੍ਹਾ ਹੋਇਆ। ਉਸ ਨੇ ਇਕੋ ਛਾਲ ਤੋਂ ਬਾਅਦ ਕੋਈ ਹੋਰ ਛਾਲ ਨਾ ਲਾਈ ਅਤੇ ਅਮਰੀਕੀ ਝੰਡਾ ਚੁੱਕ ਕੇ ਸਟੇਡੀਅਮ ਦਾ ਚੱਕਰ ਲਾਉਣ ਲੱਗਾ। ਸਟੇਡੀਅਮ ਦੇਰ ਤਕ ਤਾੜੀਆਂ ਨਾਲ ਗੂੰਜਦਾ ਰਿਹਾ।

33 ਸਾਲਾਂ ਵਿਚ ਲੰਮੀ ਛਾਲ ਦੇ ਵਿਸ਼ਵ ਰਿਕਾਰਡ 'ਚ22 ਸੈਂਟੀਮੀਟਰ ਦਾ ਵਾਧਾ ਹੋਇਆ ਸੀ ਪਰ ਉੱਦਣ ਬੌਬ ਬੀਮਨ ਨੇ ਇਕੋ ਦਿਨ 55 ਸੈਂਟੀਮੀਟਰ ਦਾ ਵਾਧਾ ਕਰ ਦਿੱਤਾ ਸੀ! ਉਹਦਾ ਵਿਸ਼ਵ ਰਿਕਾਰਡ ਫਿਰ 23 ਸਾਲਾਂ ਬਾਅਦ 1991 'ਚ ਟੋਕੀਓ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਸ ਵਿਚ ਅਮਰੀਕਾ ਦੇ ਮਾਈਕ ਪੌਵਲ ਨੇ 29 ਫੁੱਟ ਸਵਾ 4 ਇੰਚ ਯਾਨੀ 8.95 ਮੀਟਰ ਛਾਲ ਲਾ ਕੇ ਤੋੜਿਆ ਪਰ ਉਹਦਾ ਓਲੰਪਿਕ ਰਿਕਾਰਡ ਅਜੇ ਵੀ ਕਾਇਮ ਹੈ।

ਬੌਬ ਬੀਮਨ ਫਿਰਲੰਮੀ ਛਾਲ ਦੇ ਮੁਕਾਬਲਿਆਂ ਤੋਂ ਰਿਟਾਇਰ ਹੋ ਗਿਆ। 1972 ਦੀਆਂ ਓਲੰਪਿਕ ਖੇਡਾਂ 'ਚ ਭਾਗ ਲੈਣ ਦੀ ਥਾਂ ਉਸ ਨੇ ਅਡੈਲਫੀ ਯੂਨੀਵਰਸਿਟੀ ਤੋਂ ਸੋਸ਼ਿਆਲੋਜੀ ਦੀ ਡਿਗਰੀ ਹਾਸਲ ਕੀਤੀ। ਕੈਲੇਫੋਰਨੀਆ ਦੇ ਗਵਰਨਰ ਨਾਲ ਮਿਲ ਕੇ ਅਥਲੈਟਿਕਸ ਦੀ ਪ੍ਰਮੋਸ਼ਨ ਲਈ ਕਈ ਯੂਨੀਵਰਸਿਟੀਆਂ 'ਚ ਕੰਮ ਕੀਤਾ। ਉਹ 'ਆਰਟ ਆਫ਼ ਓਲੰਪੀਅਨਜ਼' ਦਾ ਗ੍ਰਾਫਿਕ ਆਰਟਿਸਟ ਬਣਿਆ, ਨੁਮਾਇਸ਼ਾਂ ਲਾਈਆਂ ਤੇ ਉਸ ਦੇ ਅਜਾਇਬਘਰ ਦਾ ਪਹਿਲਾ ਮੁੱਖ ਕਾਰਜ ਕਰਤਾ ਬਣਿਆ। ਐਲੀਐਂਟ ਇੰਟਰਨੈਸ਼ਨਲ ਯੂਨੀਵਰਸਿਟੀ ਸਾਨ ਡੀਗੋ, ਜਿਸ ਦਾ ਪਹਿਲਾ ਨਾਂ ਯੂ. ਐੱਸ. ਇੰਟਰਨੈਸ਼ਨਲ ਯੂਨੀਵਰਸਿਟੀ ਸੀ, ਵਿਚ ਟ੍ਰੈਕ ਕੋਚ ਦੀਆਂ ਸੇਵਾਵਾਂ ਨਿਭਾਈਆਂ। ਉਸ ਦਾ ਵਿਆਹ ਮਿਲਾਨਾ ਵਾਲਟਰ ਬੀਮਨ ਨਾਲ ਹੋਇਆ ਜਿਸ ਤੋਂ ਦੋ ਬੱਚੇ ਟਮੇਕਾ ਬੀਮਨ ਤੇ ਵਾਲਟਰ ਬੀਮਨ ਹਨ। 1999 ਵਿਚ ਬੌਬ ਬੀਮਨ ਤੇ ਮਿਲਾਨਾ ਬੀਮਨ ਨੇ ਰਲ ਕੇ ਪੁਸਤਕ ਲਿਖੀ 'ਦਿ ਮੈਨ ਹੂ ਕੁਡ ਫਲਾਈ: ਬੌਬ ਬੀਮਨ ਸਟੋਰੀ'।

1983 ਵਿਚ ਜਦੋਂ 'ਯੂਨਾਈਟਿਡ ਸਟੇਟਸ ਓਲੰਪਿਕ ਹਾਲ ਆਫ਼ ਫੇਮ' ਬਣਿਆ ਤਾਂ ਬੌਬ ਬੀਮਨ ਦਾ ਨਾਂ ਸਭ ਤੋਂ ਪਹਿਲਾਂ ਉਕਰਿਆ ਗਿਆ। ਉਸ ਦਾ ਨਾਂ 'ਨੈਸ਼ਨਲ ਟ੍ਰੈਕ ਐਂਡ ਫੀਲਡ ਹਾਲ ਆਫ਼ ਫੇਮ' ਵਿਚ ਵੀ ਦਰਜ ਕੀਤਾ ਗਿਆ। ਐਲ ਪਾਸੋ, ਟੈਕਸਾਸ ਦੀ ਇਕ ਸਟਰੀਟ ਦਾ ਨਾਂ ਬੌਬ ਬੀਮਨ ਸਟਰੀਟ ਰੱਖਿਆ ਗਿਆ। ਉਸ ਦੇ 'ਪ੍ਰਫੈਕਟ ਜੰਪ' ਬਾਰੇ ਅਜੇ ਵੀ ਖੋਜਾਂ ਹੋ ਰਹੀਆਂ ਹਨ ਤੇ ਲਗਾਤਾਰ ਲਿਖਿਆ ਜਾ ਰਿਹੈ। ਆਖ਼ਰ ਲੰਮੀ ਛਾਲ ਲੱਗੇਗੀ ਕਿਥੋਂ ਤਕ? ਕਿਥੇ ਤਕ ਹੈ ਮਨੁੱਖ ਦੀ ਸੀਮਾ?

principalsarwansingh@gmail.com









## ਜਰਖੜ ਖੇਡਾਂ ਤੇ ਹੋਵੇਗਾ 6 ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ

**ਗੁਰਜਤਿੰਦਰ ਰੰਧਾਵਾ, ਹਰਜੀਤ ਹਰਮਨ ਪੁਰੇਵਾਲ, ਸੁਰਿੰਦਰ ਕੌਰ, ਐਸ ਐਸ ਸੈਣੀ ਦਾ ਹੋਵੇਗਾ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨ**
**ਕੋਚ ਦੇਵੀ ਦਿਆਲ ਐਵਾਰਡ ਮਿਲੇਗਾ ਸਾਬਕਾ ਕਬੱਡੀ ਸਟਾਰ ਮਨਜੀਤ ਸਿੰਘ ਮੋਹਲਾ ਖੜੂਰ ਨੂੰ**

ਲੁਧਿਆਣਾ, 7 ਫਰਵਰੀ (ਪੋਸਟ ਬਿਊਰੋ): 36ਵੀਆਂ ਮਾਡਰਨ ਪੇਂਡੂ ਮਿਨੀ ਓਲੰਪਿਕ ਜਰਖੜ ਖੇਡਾਂ ਜੋ 10 ਅਤੇ 11 ਫਰਵਰੀ ਨੂੰ 6 ਕਰੋੜ ਦੀ ਲਾਗਤ ਨਾਲ ਬਣੇ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਹੋ ਰਹੀਆਂ ਹਨ। ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਦੇ ਉੱਤੇ ਖੇਡਾਂ ਅਤੇ ਸਿੱਖਿਆ ਜਗਤ ਦੀਆਂ ਪੰਜ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ।





ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ , ਮਨਮੋਹਨ ਗਰੇਵਾਲ ਮੋਹਣਾ ਜੋਧਾ ਸਿਆਟਲ,ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ ਖੇਡਾਂ ਦੇ ਫਾਈਨਲ ਸਮਾਰੋਹ ਤੇ 11 ਫਰਵਰੀ ਨੂੰ ਜਿੱਥੇ ਵੱਖ-ਵੱਖ ਖੇਡਾਂ ਦੇ ਫਾਈਨਲ ਮੁਕਾਬਲੇ ਮੁੱਖ ਕੇਂਦਰ ਹੋਣਗੇ ਉੱਥੇ ਉੱਘੇ ਲੋਕ ਗਾਇਕ ਹਰਜੀਤ ਹਰਮਨ ਦਾ ਖੁੱਲਾ ਅਖਾੜਾ ਵੀ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ । ਇਸ ਮੌਕੇ ਤੇ ਉੱਘੀਆ 6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ। ਜਿਸ ਵਿੱਚ ਮਰਹੂਮ ਕਬੱਡੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਕੋਚ ਦੇਵੀ ਦਿਆਲ ਦੀ ਯਾਦ ਵਿੱਚ ਰੱਖਿਆ ਅਵਾਰਡ ਕਬੱਡੀ ਦੇ ਸਾਬਕਾ ਸਟਾਰ ਖਿਡਾਰੀ ਮਨਜੀਤ ਸਿੰਘ ਮੋਹਲਾ ਖੜੂਰ ਨੂੰ ਦਿੱਤਾ ਜਾਵੇਗਾ । ਜਿਸ ਵਿੱਚ 50 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਦੇਵੀ ਦਿਆਲ ਐਵਾਰਡ ਹੋਵੇਗਾ ਜਦ ਕਿ ਸਿੱਖਿਆ ਦੇ ਖੇਤਰ ਦਾ ਐਵਾਰਡ ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ ਜਰਖੜ ਸਕੂਲ ਦੀ ਹੈਡ ਮਾਸਟਰ ਬੀਬੀ ਸੁਰਿੰਦਰ ਕੌਰ ਨੂੰ ਦਿੱਤਾ ਜਾਵੇਗਾ। ਖੇਡ ਪ੍ਰਮੋਟਰ ਅਮਰਜੀਤ ਗਰੇਵਾਲ ਐਵਾਰਡ ਖੇਡਾਂ ਦੇ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਉੱਘੇ ਖੇਡ ਪ੍ਰਮੋਟਰ ਗੁਰਜੀਤ ਸਿੰਘ ਹਕੀਮਪੁਰ ਨੂੰ ਦਿੱਤਾ ਜਾਵੇਗਾ। ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ ਰੋਪੜ ਹਾਕਸ ਹਾਕੀ ਦੇ ਪਿਤਾਮਾ ਐਸਐਸ ਸੈਣੀ ਸਾਹਿਬ ਨੂੰ ਦਿੱਤਾ ਜਾਵੇਗਾ। ਜਦ ਕਿ ਪੱਤਰਕਾਰੀ ਦਾ ਮਾਣ ਐਵਾਰਡ ਪੰਜਾਬ ਮੇਲ ਯੂਐਸਏ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਦਿੱਤਾ ਜਾਵੇਗਾ। ਪੰਜਾਬੀ ਸੱਭਿਆਚਾਰ ਦਾ ਮਾਣ ਅਵਾਰਡ ਉੱਘੇ ਲੋਕ ਗਾਇਕ ਹਰਜੀਤ ਹਰਮਨ ਨੂੰ ਦਿੱਤਾ ਜਾਵੇਗਾ।

ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਵਿੱਚ ਹਾਕੀ ਮੁੰਡੇ ਕੁੜੀਆਂ ਹਾਕੀ ਅੰਡਰ 15 ਸਾਲ ਮੁੰਡੇ ,ਪ੍ਰਾਈਮਰੀ ਸਕੂਲਾਂ ਦੇ ਕਬੱਡੀ ਮੁਕਾਬਲੇ, ਹਾਈ ਸਕੂਲਾਂ ਦੇ ਰੱਸਾਕਸੀ ਅਤੇ ਪਬਲਿਕ ਸਕੂਲਾਂ ਦੀਆਂ ਖੇਡਾਂ ਤੋਂ ਇਲਾਵਾ ਕਬੱਡੀ ਓਪਨ ਕੱਪ ਨਾਇਬ ਸਿੰਘ ਗਰੇਵਾਲ ਜੋਧਾ ਦੀ ਯਾਦ ਨੂੰ ਸਮਰਪਿਤ ਹੋਵੇਗਾ ਜਦ ਕਿ ਕੁਸ਼ਤੀ ਮੁਕਾਬਲੇ ਬਚਨ ਸਿੰਘ ਮੰਡੌਰ ਅਤੇ ਵਾਲੀਬਾਲ ਮੁਕਾਬਲੇ ਅਮਰਜੀਤ ਸਿੰਘ ਗਰੇਵਾਲ ਦੀ ਯਾਦ ਵਿੱਚ ਕਰਵਾਏ ਜਾਣਗੇ।

## ਨਵਾਂਸ਼ਹਿਰ ਵਿਖੇ 9 ਫਰਵਰੀ ਨੂੰ ਪਰਵਾਸੀ ਪੰਜਾਬੀਆਂ ਨਾਲ ਖੇਤਰੀ ਪੱਧਰ ਦੀ ਮੀਟਿੰਗ

ਐਸ.ਏ.ਐਸ.ਨਗਰ, 7 ਫਰਵਰੀ (ਗਿਆਨ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ 09 ਫਰਵਰੀ, 2024 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਪੰਜਾਬੀਆਂ ਦੀ ਇੱਕ ਖੇਤਰੀ ਮੀਟਿੰਗ ਸ਼ਿਵਾਲਿਕ ਪਬਲਿਕ ਸਕੂਲ, ਚੰਡੀਗੜ੍ਹ ਰੋਡ, ਸ਼ਹੀਦ ਭਗਤ ਸਿੰਘ ਨਗਰ ਵਿਖੇ ਕਰਨ ਜਾ ਰਹੀ ਹੈ, ਜਿਸ ਦੌਰਾਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਸੁਣਨਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਐਸ.ਏ.ਐਸ.ਨਗਰ, ਆਸ਼ਿਕਾ ਜੈਨ ਨੇ ਖੇਤਰੀ ਮੀਟਿੰਗ ਬਾਬਤ ਜ਼ਿਲ੍ਹੇ ਦੀ ਐਨ.ਆਰ.ਆਈ.ਸਭਾ ਨਾਲ ਆਪਣੇ ਦਫਤਰ ਵਿਖੇ ਮੀਟਿੰਗ ਦੌਰਾਨ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣਨ ਅਤੇ ਉਨ੍ਹਾਂ ਦੇ ਨਿਪਟਾਰੇ ਲਈ ਸਿੱਧੇ ਤੌਰ 'ਤੇ ਐਨ ਆਰ ਆਈਜ਼ ਨਾਲ ਖੇਤਰੀ ਮੀਟਿੰਗਾਂ ਕਰਨਗੇ।




# ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਕਲੋਨੀਆਂ ਵਿਰੁੱਧ ਸਖ਼ਤ ਕਦਮ ਚੁੱਕਣ ਲਈ ਆਖਿਆ

**ਆਮ ਜਨਤਾ ਨੂੰ ਵੱਡੀ ਰਾਹਤ ਦੇਣ ਲਈ ਜ਼ਮੀਨ ਤੇ ਜਾਇਦਾਦ ਦੀ ਰਜਿਸਟਰੀ ਲਈ ਐੱਨ.ਓ.ਸੀ. ਦੀ ਸ਼ਰਤ ਖ਼ਤਮ ਕਰਨ ਦਾ ਲਿਆ ਫੈਸਲਾ**



ਚੰਡੀਗੜ੍ਹ, 7 ਫਰਵਰੀ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਭਵਿੱਖ ਵਿੱਚ ਗੈਰ ਕਾਨੂੰਨੀ ਕਲੋਨੀਆਂ ਬਣਨ ਤੋਂ ਰੋਕਣ ਲਈ ਗੈਰ ਕਾਨੂੰਨੀ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਵਾਸਤੇ ਅਧਿਕਾਰੀਆਂ ਨੂੰ ਬਿੱਲ ਦਾ ਖਰੜਾ ਤਿਆਰ ਕਰਨ ਲਈ ਆਖਿਆ।

ਜ਼ਮੀਨ/ਜਾਇਦਾਦ ਦੀ ਰਜਿਸਟਰੇਸ਼ਨ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ ਕਰਨ ਦੇ ਸੂਬਾ ਸਰਕਾਰ ਦੇ ਹਾਲੀਆ ਫੈਸਲੇ ਦੇ ਸੰਦਰਭ ਵਿੱਚ ਅੱਜ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਫੈਸਲੇ ਦਾ ਮੰਤਵ ਆਮ ਜਨਤਾ ਨੂੰ ਸਹੂਲਤ ਦੇਣਾ ਹੈ। ਉਨ੍ਹਾਂ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰਾਂ ਦੁਆਲੇ ਸ਼ਿਕੰਜਾ ਕਸਣ ਲਈ ਨਵਾਂ ਕਾਨੂੰਨ ਬਣਾਉਣ ਦੀ ਬੇਹੱਦ ਲੋੜ ਹੈ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਪੰਜਾਬ ਵਿਧਾਨ ਸਭਾ ਦੇ ਅਗਲੇ ਸੈਸ਼ਨ ਤੋਂ ਪਹਿਲਾਂ ਨਵੇਂ ਬਿੱਲ ਦਾ ਖਰੜਾ ਤਿਆਰ ਕਰਨ ਲਈ ਆਖਿਆ ਤਾਂ ਕਿ ਵਿਧਾਨ ਸਭਾ ਤੋਂ ਇਸ ਦੀ ਪ੍ਰਵਾਨਗੀ ਲਈ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰ ਸਬਜ਼ਬਾਗ ਦਿਖਾ ਕੇ ਲੋਕਾਂ ਨੂੰ ਲੁੱਟਦੇ ਹਨ ਅਤੇ ਆਪਣੀਆਂ ਗੈਰ ਪ੍ਰਵਾਨਿਤ ਕਲੋਨੀਆਂ ਵੇਚ ਦਿੰਦੇ ਹਨ। ਉਨ੍ਹਾਂ ਕਿਹਾ ਕਿ ਠੱਗੇ ਗਏ ਲੋਕ ਇਨ੍ਹਾਂ ਕਲੋਨੀਆਂ ਵਿੱਚ ਬੁਨਿਆਦੀ ਸਹੂਲਤਾਂ ਲਈ ਦਰ-ਦਰ ਦੀਆਂ ਠੋਕਰਾਂ ਖਾਂਦੇ ਰਹਿੰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਲੋਨਾਈਜ਼ਰ ਗੈਰ ਕਾਨੂੰਨੀ ਤਰੀਕੇ ਨਾਲ ਪੈਸਾ ਬਣਾ ਲੈਂਦੇ ਹਨ, ਜਦੋਂ ਕਿ ਉਨ੍ਹਾਂ ਦੀਆਂ ਗਲਤ ਕਾਰਵਾਈਆਂ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿਸੇ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਪ੍ਰਵਾਨਗੀ ਲਏ ਪਲਾਟ ਵੇਚ ਰਹੇ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਗੈਰ ਕਾਨੂੰਨੀ ਕਲੋਨੀਆਂ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਇਸ ਜੁਰਮ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗੈਰ ਕਾਨੂੰਨੀ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ, ਜੋ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਗੈਰ ਕਾਨੂੰਨੀ ਕਲੋਨੀ ਬਣਨ ਤੋਂ ਰੋਕਣ ਦਾ ਕੰਮ ਕਰੇਗਾ।

# ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੋਕਸੋ ਐਕਟ ਸਬੰਧੀ ਜਾਗਰੂਕ ਕਰਨ ਲਈ ਡੀ. ਵੀ. ਐੱਮ ਸਕੂਲ ਵਿਖੇ ਕੈਂਪ ਦਾ ਆਯੋਜਨ



ਸ਼੍ਰੀ ਮੁਕਤਸਰ ਸਾਹਿਬ 7 ਫਰਵਰੀ (ਗਿਆਨ ਸਿੰਘ): ਕਾਰਜਕਾਰੀ ਚੇਅਰਮੈਨ, ਗੁਰਮੀਤ ਸਿੰਘ, ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀ ਹਦਾਇਤਾਂ ਅਨੁਸਾਰ ਰਾਜ ਕੁਮਾਰ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਸ਼੍ਰੀਮਤੀ ਹਰਪ੍ਰੀਤ ਕੌਰ, ਸੀ.ਜੇ.ਐਮ ਕਮ ਸਕੱਤਰ, ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਡੀ. ਵੀ. ਐੱਮ ਪਬਲਿਕ ਸਕੂਲ ਉਦੇਕਰਨ ਵਿਖੇ ਕੈਂਪ ਦਾ ਆਯੋਜਨ ਕੀਤਾ ਗਿਆ।

ਇਸ ਸਬੰਧੀ ਵਿਦਿਆਰਥੀਆਂ ਨੂੰ ਪੋਕਸੋ ਐਕਟ ਅਤੇ ਨਾਲਸਾ ਦੀਆਂ ਵੱਖ ਵੱਖ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਸਕੂਲ ਦੇ ਸਟਾਫ ਨੂੰ ਵੀ ਜਿਨਸੀ ਛੇੜ-ਛਾੜ ਸਬੰਧੀ ਜਾਗਰੂਕ ਕੀਤਾ ਗਿਆ।

ਇਸ ਮੌਕੇ ਮੈਡਮ ਹਰਪ੍ਰੀਤ ਕੌਰ ਨੇ ਸਕੂਲ ਦੇ ਬੱਚਿਆਂ ਨੂੰ ਗੁੱਡ ਟੱਚ ਤੇ ਬੈਡ ਟੱਚ ਅਤੇ ਉਹਨਾਂ ਦੇ ਹੱਕਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਅਤੇ ਉਹਨਾਂ ਨੂੰ ਦੱਸਿਆ ਕਿ ਉਹ ਜ਼ਿਲ੍ਹਾ ਕਚਹਿਰੀ ਕੰਪਲੈਕਸ, ਸ਼੍ਰੀ ਮੁਕਤਸਰ ਸਾਹਿਬ ਵਿਖੇ ਆ ਕੇ ਕਾਨੂੰਨੀ ਸਲਾਹ/ਸਹਾਇਤਾ ਲੈ ਸਕਦੇ ਹਨ।

ਇਸ ਮੌਕੇ ਜਿਲਾ ਬਾਲ ਸੁਰੱਖਿਆ ਅਫਸਰ ਡਾ. ਸ਼ਿਵਾਨੀ ਨਾਗਪਾਲ ਨੇ ਵਿਦਿਆਰਥੀਆਂ ਨੂੰ ਪੋਕਸੋ ਐਕਟ ਤੇ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਦੇ ਸਕੱਤਰ, ਹਰਪ੍ਰੀਤ ਕੌਰ ਨੇ ਦੱਸਿਆ ਕਿ ਲੱਗ ਰਹੀ ਨੈਸ਼ਨਲ ਲੋਕ ਅਦਾਲਤ 09 ਮਾਰਚ 2024 ਨੂੰ ਵੱਧ ਤੋਂ ਵੱਧ ਕੇਸ ਲਗਾਏ ਜਾਣ। ਉਸ ਵਿੱਚ ਆਪਣੇ ਕੇਸ ਦਾ ਲੋਕ ਅਦਾਲਤ ਵਿੱਚ ਨਿਪਟਾਰਾ ਕਰਾਉਣ ਲਈ ਉਹ ਸਬੰਧਿਤ ਅਦਾਲਤ ਨੂੰ ਦਰਖਾਸਤ ਦੇ ਕੇ ਆਪਣੇ ਕੇਸ ਦਾ ਨਿਪਟਾਰਾ ਕਰਵਾ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਟੋਲ ਫ੍ਰੀ ਨੰਬਰ 1968 / 15100 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।



# 'ਆਪ ਦੀ ਸਰਕਾਰ ਆਪ ਦੇ ਦੁਆਰ' ਪਹਿਲੇ ਦਿਨ ਆਈਆਂ ਤਰੁਟੀਆਂ ਨੂੰ ਡਿਪਟੀ ਕਮਿਸ਼ਨਰ ਨੇ ਦੂਰ ਕਰਨ ਤੇ ਦਿੱਤੇ ਆਦੇਸ਼

ਫ਼ਰੀਦਕੋਟ, 7 ਫ਼ਰਵਰੀ (ਗਿਆਨ ਸਿੰਘ): ਆਪ ਦੀ ਸਰਕਾਰ ਆਪ ਦੇ ਦੁਆਰ ਪ੍ਰੋਗਰਾਮ ਤਹਿਤ ਉਲੀਕੇ ਗਏ 30 ਦਿਨਾਂ ਲਗਾਤਾਰ ਪ੍ਰੋਗਰਾਮਾਂ ਵਿੱਚ ਪਹਿਲੇ ਦਿਨ ਆਉਣ ਵਾਲੀਆਂ ਤਰੁੱਟੀਆਂ ਨੂੰ ਅੱਜ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਸਮੂਹ ਵਿਭਾਗਾਂ ਦੇ ਮੁਖੀਆਂ ਨਾਲ ਆਨਲਾਈਨ ਮੀਟਿੰਗ ਕਰਕੇ ਦੂਰ ਕੀਤਾ।



ਬੁੱਧਵਾਰ ਤੜਕਸਾਰ ਹੀ ਰੱਖੀ ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਨੇ ਕੈਂਪ ਵਿੱਚ ਆਈਆਂ ਊਣਤਾਈਆਂ ਨੂੰ ਇੱਕ-ਇੱਕ ਕਰਕੇ ਹਰ ਮਹਿਕਮੇ ਦੇ ਨੋਡਲ ਅਫਸਰ ਮੁਖੀਆਂ ਨਾਲ ਗੱਲ ਕਰਕੇ ਢੁੱਕਵੇਂ ਹੱਲ ਲਈ ਕਿਹਾ। ਉਹਨਾਂ ਕਿਹਾ ਕਿ ਲੇਬਰ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਲਾਭ ਸਹੀ ਤਰੀਕੇ ਨਾਲ ਨਹੀਂ ਪੁੱਜ ਸਕਿਆ। ਇਸ ਲਈ ਉਹਨਾਂ ਇਸ ਮਹਿਕਮੇ ਵਿੱਚ ਮੁਲਾਜ਼ਮਾਂ ਦੀ ਕਮੀ ਤੇ ਚੱਲਦਿਆਂ ਹੋਰ ਕਰਮਚਾਰੀ ਲਗਾ ਕੇ ਇਸ ਸਮੱਸਿਆ ਨੂੰ ਦੂਰ ਕਰਨ ਦੀ ਹਦਾਇਤ ਕੀਤੀ। ਉਹਨਾਂ ਕਿਹਾ ਕਿ ਕਿਸੇ ਇੱਕ ਕਾਊਂਟਰ ਤੇ ਲੋਕਾਂ ਦੀ ਜਿਆਦਾ ਭੀੜ ਨਹੀਂ ਹੋਣੀ ਚਾਹੀਦੀ। ਇਸ ਤੋਂ ਇਲਾਵਾ ਹਰ ਕੈਂਪ ਵਿੱਚ ਹੈਲਪ ਡੈਸਕ ਹੋਣਾ ਲਾਜ਼ਮੀ ਹੋਵੇ ਜੋ ਆਉਣ ਵਾਲੇ ਲੋਕਾਂ ਨੂੰ ਇਹ ਦੱਸ ਸਕੇ ਕਿ ਉਹਨਾਂ ਦੀ ਅਰਜੀ ਕਿਸ ਮਹਿਕਮੇ ਨਾਲ ਸੰਬੰਧਿਤ ਹੈ ਅਤੇ ਉਹਨਾਂ ਨੇ ਕਿਹੜੇ ਕਾਊਂਟਰ ਤੇ ਜਾਣਾ ਹੈ।

ਇਸ ਤੋਂ ਇਲਾਵਾ ਟਰਾਂਸਪੋਟੇਸ਼ਨ ਸਬੰਧੀ ਅਤੇ ਪ੍ਰਾਪਤ ਕੀਤੀਆਂ ਸ਼ਿਕਾਇਤਾਂ ਨਿਬੇੜਨ ਅਤੇ ਲੰਬਿਤ ਪਈਆਂ ਦਰਖਾਸਤਾਂ ਦਾ ਲੇਖਾ ਜੋਖਾ ਰੱਖਣ ਦੀ ਵੀ ਵਿਭਾਗ ਦੇ ਮੁਖੀਆਂ ਨੂੰ ਹਦਾਇਤ ਕੀਤੀ।

ਡਿਪਟੀ ਕਮਿਸ਼ਨਰ ਦੱਸਿਆ ਕਿ ਇਨ੍ਹਾਂ ਲੱਗਣ ਵਾਲੇ ਕੈਂਪਾਂ ਦਾ ਸਮਾਂ ਸਵੇਰੇ 10 ਤੋਂ 12 ਅਤੇ ਦੁਪਹਿਰ 02 ਤੋਂ 04 ਵਜੇ ਤੱਕ ਦਾ ਕੀਤਾ ਗਿਆ ਹੈ ਤਾਂ ਜੋ ਲੋਕ ਸਮੇਂ ਸਿਰ ਆ ਕੇ ਆਪਣਾ ਕੰਮ ਕਰਵਾ ਸਕਣ।











FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017